ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

You Tube https://youtu.be/LQwolgxDu7I

awazeqaumtvpunjab@gmail.com

ਸ਼ਨੀਵਾਰ, 5 ਅਕਤੂਬਰ 2024 (ਨਾਨਕਸ਼ਾਹੀ ਸੰਮਤ : ੫੫੬, ੨੦ ਅੱਸੂ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243

## ਸੁਪਰੀਮ ਲੀਡਰ ਵੱਲੋਂ ਦੁਨੀਆ ਭਰ ਦੇ ਮੁਸਲਮਾਨਾਂ ਨੂੰ ਇਕਜੁੱਟ ਹੋਣ ਦਾ ਸੱਦਾ

# ਵਿਸ਼ਵ ਜੰਗ ਦਾ ਖ਼ਤਰਾ !

**ਨਵੀਂ ਦਿੱਲੀ, 4 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਇਸਰਾਈਲ-ਫਲਸਤੀਨ ਦੀ ਜੰਗ ਪੂਰੀ ਦੁਨੀਆਂ ਨੂੰ ਲਪੇਟੇ ਵਿੱਚ ਲੈ ਰਹੀ ਹੈ। ਇਰਾਨ ਦੇ ਸੁਪਰੀਮ ਲੀਡਰ ਅਲੀ ਖਮੇਨੀ ਨੇ ਦੁਨੀਆ ਭਰ ਦੇ ਮੁਸਲਮਾਨਾਂ ਨੂੰ ਇਕਜੁੱਟ ਹੋਣ ਲਈ ਕਿਹਾ ਹੈ। ਫਲਸਤੀਨ ਤੋਂ ਬਾਅਦ ਇਸਰਾਈਲ ਲਿਬਨਾਨ ਤੇ ਇਰਾਨ ਉਪਰ ਵੀ ਹਮਲੇ ਕਰ ਰਿਹਾ ਹੈ। ਇਸ ਨਾਲ ਮੁਸਲਮਾਨ ਦੇਸ਼ਾਂ ਅੰਦਰ ਰੋਹ ਵਧ ਗਿਆ ਹੈ। ਇਸ ਲਈ ਵਿਸ਼ਵ ਜੰਗ ਲੱਗਣ ਦਾ ਖਤਰਾ ਵਧ ਗਿਆ ਹੈ। ਇਰਾਨ ਦੇ ਸੁਪਰੀਮ ਲੀਡਰ ਅਲੀ ਖਮੇਨੀ ਨੇ ਤਹਿਰਾਨ ਦੀ ਗ੍ਰੈਂਡ ਮਸਜਿਦ ਵਿੱਚ ਭਾਸ਼ਣ ਦਿੰਦਿਆਂ ਕਿਹਾ ਕਿ ਪੂਰੀ ਦੁਨੀਆ ਦੇ ਮੁਸਲਮਾਨਾਂ ਦੇ ਇੱਕਜੁੱਟ ਹੋਣ ਦਾ ਵੇਲਾ ਆ ਗਿਆ ਹੈ। ਮਸਜਿਦ ਵਿੱਚ ਹਿਜ਼ਬੁੱਲਾ ਚੀਫ਼ ਨਸਰੁੱਲਾ ਦੀ ਯਾਦ ਵਿੱਚ ਕਰਵਾਏ ਪ੍ਰੋਗਰਾਮ ਦਾਰੀਨ ਖਮੇਨੀ ਨੂੰ ਸੁਣਨ ਲਈ ਹਜ਼ਾਰਾਂ ਲੋਕ ਪਹੁੰਚੇ। ਦੱਸ ਦਈਏ ਕਿ ਖਾਮੇਨੀ ਨੇ ਆਖਰੀ ਵਾਰ ਜਨਵਰੀ 2020 ਵਿੱਚ ਰੈਵੋਲਿਊਸ਼ਨਰੀ ਗਾਰਡਜ਼ ਕਮਾਂਡਰ ਕਾਸਿਮ ਸੁਲੇਮਾਨੀ ਦੀ ਮੌਤ ਤੋਂ ਬਾਅਦ ਜੁੰਮੇ ਦੀ ਨਮਾਜ਼ ਦੀ ਅਗਵਾਈ ਕੀਤੀ ਸੀ। ਨਸਰੁੱਲਾ ਦੀ ਮੌਤ ਤੋਂ ਬਾਅਦ ਖਮੇਨੀ ਨੂੰ ਇੱਕ ਗੁਪਤ ਸਥਾਨ 'ਤੇ ਲਿਜਾਇਆ ਗਿਆ ਸੀ। ਇਸ ਤੋਂ ਬਾਅਦ ਉਹ ਪਹਿਲੀ ਵਾਰ ਜਨਤਕ ਤੌਰ 'ਤੇ ਨਜ਼ਰ ਆਏ ਹਨ। ਅੱਜ ਹਿਜ਼ਬੁੱਲਾ ਮੁਖੀ ਹਸਨ ਨਸਰੁੱਲਾ ਨੂੰ ਸਪੁਰਦ-ਏ-ਖਾਕ ਕੀਤਾ ਜਾਵੇਗਾ। ਇਹ ਪ੍ਰੋਗਰਾਮ ਕਿੱਥੇ ਹੋਵੇਗਾ, ਇਸ ਬਾਰੇ ਅਜੇ ਜਾਣਕਾਰੀ ਨਹੀਂ ਮਿਲੀ। ਉਧਰ, ਲਿਬਨਾਨ 'ਤੇ ਇਜ਼ਰਾਈਲ ਦਾ ਹਮਲਾ ਜਾਰੀ ਹੈ। ਲਿਬਨਾਨ ਵਿੱਚ ਪੇਜਰ ਹਮਲੇ ਤੋਂ ਬਾਅਦ ਮਿਜ਼ਾਈਲ ਹਮਲਿਆਂ ਵਿੱਚ 1300 ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ। ਇਜ਼ਰਾਈਲ ਡਿਫੈਂਸ ਫੋਰਸਿਜ਼ (ਆਈਡੀਐਫ) ਨੇ ਕਿਹਾ ਕਿ ਹਿਜ਼ਬੁੱਲਾ ਨੇ ਵੀਰਵਾਰ ਨੂੰ ਲਗਪਗ 230 ਮਿਜ਼ਾਈਲ ਹਮਲੇ ਕੀਤੇ। ਇਸ ਵਿੱਚ ਇਜ਼ਰਾਈਲ ਦਾ ਕੋਈ ਨੁਕਸਾਨ ਨਹੀਂ ਹੋਇਆ। ਅੱਜ ਵੀ ਹਿਜ਼ਬੁੱਲਾ ਨੇ ਇਜ਼ਰਾਈਲ 'ਤੇ 20 ਤੋਂ ਵੱਧ ਮਿਜ਼ਾਈਲਾਂ ਦਾਗੀਆਂ।



ਜਦੋਂ ਤੋਂ ਲਿਬਨਾਨ ਵਿੱਚ ਇਜ਼ਰਾਈਲੀ ਹਮਲੇ ਵਧੇ ਹਨ, ਲਗਪਗ 3 ਲੱਖ ਲੋਕ ਸੀਰੀਆ ਭੱਜ ਗਏ ਹਨ। ਲਿਬਨਾਨੀ ਸਰਕਾਰ ਮੁਤਾਬਕ ਹੁਣ ਤੱਕ 12 ਲੱਖ ਤੋਂ ਵੱਧ ਲੋਕ ਦੇਸ਼ ਛੱਡ ਚੁੱਕੇ ਹਨ। ਇਜ਼ਰਾਈਲ ਦੇ ਹਮਲੇ ਵਧਣ ਨਾਲ ਇਹ ਅੰਕੜੇ ਵੀ ਵਧ ਰਹੇ ਹਨ। ਉਧਰ, ਇਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਕਚੀ ਰਾਜਧਾਨੀ ਬੇਰੂਤ ਪਹੁੰਚ ਗਏ ਹਨ। ਟਾਈਮਜ਼ ਆਫ ਇਜ਼ਰਾਈਲ ਮੁਤਾਬਕ ਪਿਛਲੇ ਹਫਤੇ ਹਿਜ਼ਬੁੱਲਾ ਮੁਖੀ ਹਸਨ ਨਸਰੁੱਲਾ ਦੀ ਹੱਤਿਆ ਤੋਂ ਬਾਅਦ ਕਿਸੇ ਚੋਟੀ ਦੇ ਇਰਾਨੀ ਨੇਤਾ ਦੀ ਇਹ ਪਹਿਲੀ ਅਧਿਕਾਰਤ ਯਾਤਰਾ ਹੈ।

Exclusive News

## ਮੁੜ ਪੰਜਾਬ 'ਚ ਵੜੀ ਈ.ਡੀ., ਕਈ ਥਾਵਾਂ 'ਤੇ ਮਾਰੇ ਛਾਪੇ

**ਲੁਧਿਆਣਾ, 4 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਇਨਫੋਰਸਮੈਂਟ ਡਾਇਰੈਕਟੋਰੇਟ (ਈ. ਡੀ.) ਦੀਆਂ ਟੀਮਾਂ ਨੇ ਅੱਜ (ਸ਼ੁੱਕਰਵਾਰ) ਸਵੇਰੇ ਪੰਜਾਬ ਸਮੇਤ ਕਈ ਰਾਜਾਂ ਵਿੱਚ ਛਾਪੇਮਾਰੀ ਕੀਤੀ ਹੈ। ਈਡੀ ਕਰੋੜਾਂ ਰੁਪਏ ਦੇ ਪਰਲਜ਼ ਚਿੱਟ ਫੰਡ ਘੁਟਾਲੇ ਨਾਲ ਸਬੰਧਤ ਮਾਮਲੇ ਵਿੱਚ ਕਾਰਵਾਈ ਕਰ ਰਹੀ ਹੈ। ਟੀਮਾਂ ਜਾਂਚ ਵਿੱਚ ਰੁੱਝੀਆਂ ਹੋਈਆਂ ਹਨ। ਇਹ ਵੀ ਕਿਹਾ ਜਾ ਰਿਹਾ ਹੈ ਕਿ ਈਡੀ ਦੀ ਜਾਂਚ ਵਿੱਚ ਕੋਈ ਅੜਿੱਕਾ ਨਾ ਪਵੇ ਇਸ ਲਈ ਸਥਾਨਕ ਪੁਲਿਸ ਨੇ ਸੁਰੱਖਿਆ ਏਜੰਸੀਆਂ ਵੀ ਕੇਂਦਰੀ ਏਜੰਸੀ ਦਾ ਸਾਥ ਦੇ ਰਹੀਆਂ ਹਨ, ਹਾਲਾਂਕਿ ਅਧਿਕਾਰੀ ਇਸ ਛਾਪੇਮਾਰੀ ਬਾਰੇ ਅਜੇ ਕੁਝ ਵੀ ਕਹਿਣ ਤੋਂ ਬਚ ਰਹੇ ਹਨ। ਜ਼ਿਕਰ ਕਰ ਦਈਏ ਕਿ ਈਡੀ ਨੇ ਸ਼ੁੱਕਰਵਾਰ ਸਵੇਰੇ ਅਚਾਨਕ ਲੁਧਿਆਣਾ ਵਿੱਚ ਦਸਤਕ ਦਿੱਤੀ। ਈਡੀ ਦੀ ਟੀਮ ਨੇ ਕਾਰੋਬਾਰੀ ਵਿਕਾਸ ਪਾਸੀ ਦੇ ਸਾਰੇ ਟਿਕਾਣਿਆਂ 'ਤੇ ਛਾਪੇਮਾਰੀ ਕੀਤੀ। ਈਡੀ ਨੇ ਸ਼ਹਿਰ ਦੀਆਂ ਸਾਰੀਆਂ ਥਾਵਾਂ 'ਤੇ ਛਾਪੇਮਾਰੀ ਕਰਕੇ ਅੰਦਰ ਬੈਠੇ ਲੋਕਾਂ ਤੋਂ ਪੁੱਛਗਿੱਛ ਸ਼ੁਰੂ ਕਰ ਦਿੱਤੀ, ਜਿਸ 'ਚ ਈਡੀ ਕਾਰੋਬਾਰੀ ਵਿਕਾਸ ਪਾਸੀ ਤੋਂ ਵੀ ਪੁੱਛਗਿੱਛ ਕਰ ਰਹੀ ਹੈ। ਕਾਰੋਬਾਰੀ ਵਿਕਾਸ ਦੀ ਐਪਲ ਹਾਈਟਸ ਨਾਮ ਦੀ ਆਪਣੀ ਕੰਪਨੀ ਹੈ। ਵਿਕਾਸ ਪਾਸੀ ਸ਼ਹਿਰ ਦਾ ਇੱਕ ਮਸ਼ਹੂਰ ਕਲੋਨਾਈਜ਼ਰ ਅਤੇ ਜੌਕੀ ਰੀਅਲ ਅਸਟੇਟ ਵਿੱਚ ਇੱਕ ਜਾਣਿਆ-ਪਛਾਣਿਆ ਚਿਹਰਾ ਹੈ। ਵਿਕਾਸ ਪਾਸੀ ਦਾ ਲੁਧਿਆਣਾ ਦੇ ਫਿਰੋਜ਼ਪੁਰ ਰੋਡ 'ਤੇ ਵੀ ਦਫਤਰ ਹੈ। ਈਡੀ ਨੇ ਸਵੇਰੇ ਉਸ ਦੇ ਸਾਰੇ ਟਿਕਾਣਿਆਂ 'ਤੇ ਛਾਪੇਮਾਰੀ ਕੀਤੀ, ਛਾਪੇਮਾਰੀ ਦੇ ਮੁੱਖ ਕਾਰਨਾਂ ਦਾ ਅਜੇ ਤੱਕ ਖ਼ੁਲਾਸਾ ਨਹੀਂ ਹੋਇਆ ਹੈ।

## ਐਮਾਜ਼ੋਨ ਕੰਪਨੀ ਨੂੰ ਵੈਬਸਾਈਟ ਤੋਂ ਗੁਟਕਾ ਸਾਹਿਬ ਹਟਾ ਕੇ ਸਪੱਸ਼ਟੀਕਰਨ ਭੇਜਣ ਲਈ ਲਿਖਿਆ ਪੱਤਰ: ਐਡਵੋਕੇਟ ਧਾਮੀ

**ਨਵੀਂ ਦਿੱਲੀ, 4 ਅਕਤੂਬਰ (ਮਨਪ੍ਰੀਤ ਸਿੰਘ ਖਾਲਸਾ)**:- ਆਨਲਾਈਨ ਵਪਾਰਕ ਵੈੱਬਸਾਈਟ ਐਮਾਜ਼ੋਨ ਵੱਲੋਂ ਪਾਵਨ ਗੁਰਬਾਣੀ ਦੀਆਂ ਸੈਂਚੀਆਂ ਤੇ ਗੁਟਕਾ ਸਾਹਿਬ ਵੇਚਣ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਖ਼ਤ ਨੋਟਿਸ ਲੈਂਦਿਆਂ ਗੁਟਕਾ ਸਾਹਿਬ ਦੀ ਵਿਕਰੀ ਤੁਰੰਤ ਰੋਕਣ ਲਈ ਆਖਿਆ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸਿੱਖ ਧਰਮ ਨਾਲ ਸਬੰਧਤ ਪੋਥੀਆਂ ਅਤੇ ਪਵਿੱਤਰ ਗੁਟਕਾ ਸਾਹਿਬ ਨੂੰ ਇਸ ਐਪ 'ਤੇ ਆਨਲਾਈਨ ਵੇਚਣਾ ਹਰਗਿਜ਼ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ, ਕਿਉਂਕਿ ਇਸ ਦੇ ਸਟੋਰਾਂ 'ਤੇ ਪਾਵਨ ਪੋਥੀਆਂ ਦਾ ਸਤਿਕਾਰ ਕਾਇਮ ਨਹੀਂ ਰਹਿ ਸਕਦਾ। ਜਦੋਂ ਪਾਰਸਲ ਰਾਹੀਂ ਇਹ ਇਕ ਤੋਂ ਦੂਜੀ ਥਾਂ 'ਤੇ ਪੁੱਜਦੇ ਹਨ ਤਾਂ ਕੁਦਰਤੀ ਹੈ ਕਿ ਇਸ ਦੇ ਸਤਿਕਾਰ ਨੂੰ ਠੇਸ ਪੁੱਜਦੀ ਹੈ। ਉਨ੍ਹਾਂ ਕਿਹਾ ਕਿ ਸਿੱਖ ਸੰਗਤਾਂ ਦੇ ਮਨਾਂ ਅੰਦਰ ਗੁਰਬਾਣੀ ਪ੍ਰਤੀ ਅਥਾਹ ਸ਼ਰਧਾ ਤੇ ਸਤਿਕਾਰ ਹੈ ਅਤੇ ਐਮਾਜ਼ੋਨ ਵੱਲੋਂ ਆਨਲਾਈਨ ਗੁਟਕਾ ਸਾਹਿਬਾਨ ਦੀ ਵਿਕਰੀ ਨਾਲ ਸਿੱਖ ਮਨਾਂ ਅੰਦਰ ਭਾਰੀ ਰੋਸ ਦੀ ਲਹਿਰ ਹੈ। ਐਡਵੋਕੇਟ ਧਾਮੀ ਨੇ ਐਮਾਜ਼ੋਨ ਨੂੰ ਆਪਣੀ ਵੈੱਬਸਾਈਟ ਤੋਂ ਪਾਵਨ ਗੁਰਬਾਣੀ ਦੇ ਗੁਟਕਾ ਸਾਹਿਬ ਨੂੰ ਤੁਰੰਤ ਹਟਾਉਣ ਲਈ ਕਿਹਾ। ਉਨ੍ਹਾਂ ਪਬਲੀਸ਼ਰਾਂ ਨੂੰ ਅਪੀਲ ਕੀਤੀ ਕਿ ਗੁਰਬਾਣੀ ਦੇ ਸਤਿਕਾਰ ਨੂੰ ਮੁੱਖ ਰੱਖਦਿਆਂ ਉਹ ਗੁਟਕਾ ਸਾਹਿਬ ਅਤੇ ਪਾਵਨ ਪੋਥੀਆਂ ਨੂੰ ਆਨਲਾਈਨ ਵੇਚਣ ਤੋਂ ਗੁਰੇਜ ਕਰਨ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਇਹ ਬੇਹੱਦ ਗੰਭੀਰ ਮਾਮਲਾ ਹੈ, ਜਿਸ ਨੂੰ ਧਰਮ ਪ੍ਰਚਾਰ ਕਮੇਟੀ ਦੀ ਆਉਣ ਵਾਲੀ ਇਕੱਤਰਤਾ ਵਿਚ ਵੀ ਵਿਚਾਰਿਆ ਜਾਵੇਗਾ। ਉਨ੍ਹਾਂ ਕਿਹਾ ਕਿ ਪਹਿਲਾਂ ਵੀ ਅਜਿਹੇ ਮਾਮਲੇ ਸਾਹਮਣੇ ਆਉਣ ''ਤੇ ਐਮਾਜ਼ੋਨ ਕੰਪਨੀ ਨੂੰ ਕਾਨੂੰਨੀ ਨੋਟਿਸ ਭੇਜਿਆ ਗਿਆ, ਜਿਸ ਮਗਰੋਂ ਗੁਟਕਾ ਸਾਹਿਬ ਦੀ ਆਨਲਾਈਨ ਵਿਕਰੀ ਬੰਦ ਕਰ ਦਿੱਤੀ ਗਈ ਸੀ। ਇਸ ਸਬੰਧੀ ਐਮਾਜ਼ੋਨ ਨੂੰ ਪੱਤਰ ਲਿਖਿਆ ਜਾ ਰਿਹਾ ਹੈ ਕਿ ਉਹ ਤੁਰੰਤ ਵੈੱਬਸਾਈਟ ਤੋਂ ਗੁਰਬਾਣੀ ਦੇ ਗੁਟਕਾ ਸਾਹਿਬਾਨ ਨੂੰ ਹਟਾ ਕੇ ਆਪਣਾ ਸਪੱਸ਼ਟੀਕਰਨ ਸ਼੍ਰੋਮਣੀ ਕਮੇਟੀ ਨੂੰ ਭੇਜਣ।



## ਤਿੰਨ ਕਾਲਜਾਂ 'ਚ ਬੰਬ, ਵਿਦਿਆਰਥੀ ਕੱਢੇ ਬਾਹਰ



**ਨਵੀਂ ਦਿੱਲੀ, 4 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਬੇਂਗਲੁਰੂ ਦੇ ਤਿੰਨ ਕਾਲਜਾਂ ਨੂੰ ਸ਼ੁੱਕਰਵਾਰ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਵਾਲੇ ਪੱਤਰ ਮਿਲੇ ਹਨ। ਬੰਬ ਦੀ ਮੇਲ ਮਿਲਣ ਤੋਂ ਬਾਅਦ ਕਾਲਜਾਂ ਨੂੰ ਖਾਲੀ ਕਰਵਾਇਆ ਜਾ ਰਿਹਾ ਹੈ। ਇਸ ਘਟਨਾ ਦੀ ਸੂਚਨਾ ਮਿਲਣ 'ਤੇ ਪੁਲਸ ਟੀਮਾਂ ਅਤੇ ਬੰਬ ਨਿਰੋਧਕ ਦਸਤੇ ਮੌਕੇ 'ਤੇ ਕਾਲਜਾਂ ਵਿਚ ਪਹੁੰਚ ਗਏ ਹਨ, ਜਿਹਨਾਂ ਵਲੋਂ ਬਾਰੀਕੀ ਨਾਲ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਤਿੰਨ ਕਾਲਜਾਂ - ਬੀਐੱਮਐੱਸ ਕਾਲਜ, ਐੱਮਐੱਸ ਰਾਮਈਆ ਕਾਲਜ ਅਤੇ ਬੀਆਈਟੀ ਕਾਲਜ - ਨੂੰ ਈਮੇਲਾਂ ਪ੍ਰਾਪਤ ਹੋਈਆਂ ਹਨ, ਜਿਸ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਇਨ੍ਹਾਂ ਸੰਸਥਾਵਾਂ ਵਿੱਚ ਬੰਬ ਰੱਖੇ ਗਏ ਹਨ। ਇਹ ਕਾਲਜ ਸਦਾਸ਼ਿਵਨਗਰ, ਹਨੂਮੰਤ ਨਗਰ ਅਤੇ ਬਸਵਾਨਗੁੜੀ ਵਿੱਚ ਸਥਿਤ ਹਨ। ਪੁਲਸ ਸਥਿਤੀ 'ਤੇ ਬਾਰੀਕੀ ਨਾਲ ਨਜ਼ਰ ਰੱਖ ਰਹੀ ਹੈ ਅਤੇ ਪਿਛਲੇ ਅੱਧੇ ਘੰਟੇ ਤੋਂ ਜਾਂਚ ਜਾਰੀ ਹੈ। ਦੱਖਣ ਦੇ ਡਿਪਟੀ ਕਮਿਸ਼ਨਰ ਆਫ ਪੁਲਸ ਲੋਕੇਸ਼ ਨੇ ਕਿਹਾ, BIT, BMSCE, MSRIT ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਸੀ। ਬੰਬ ਨਿਰੋਧਕ ਦਸਤੇ ਅਤੇ ਸਬੰਧਤ ਦਸਤੇ ਦਾਅਵੇ ਦੀ ਪੁਸ਼ਟੀ ਕਰਨ ਲਈ ਕੰਮ 'ਤੇ ਹਨ। ਇਸ ਮਾਮਲੇ ਦੇ ਸਬੰਧ ਵਿਚ ਹਨੂਮੰਤ ਨਗਰ ਪੁਲਸ ਸਟੇਸ਼ਨ ਅਤੇ ਸਦਾਸ਼ਿਵਨਗਰ ਪੁਲਸ ਸਟੇਸ਼ਨ ਵਿਚ ਮਾਮਲਾ ਦਰਜ ਕਰ ਲਿਆ ਗਿਆ ਹੈ।

## ਜਿੰਮੇਵਾਰ ਬਣ੍ਹਨਾ ਬਹੁਤ ਸੌਖਾ ਹੈ,ਪਰ ਜਿੰਮੇਵਾਰੀਆਂ ਨੂੰ ਨਿਭਾਉਣਾ ਬਹੁਤ ਔਖਾ ਆਪਣਾ ਆਪ ਵਾਰਨਾ ਪੈਂਦਾ

### ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਜੂਨ 1984 ਦੇ ਸ਼ਹੀਦੀ ਸਮਾਗਮਾਂ ਦੀਆਂ ਤਿਆਰੀਆਂ



**ਗੁਰਦੁਆਰਾ** ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਜੂਨ 1984 ਦੇ ਸ਼ਹੀਦੀ ਸਮਾਗਮਾਂ ਦੀਆਂ ਤਿਆਰੀਆਂ ਇਕੱਠ ਪੰਜਾਬ ਭਰ ਦੇ ਉਦਮੀ ਸਿੰਘਾਂ ਸੰਤਾਂ ਮਹਾਂਪੁਰਸ਼ਾਂ ਦੇ ਇਕੱਠ ਵਿਚ ਤਕਰੀਬਨ ਸਭ ਸਖਸ਼ੀਅਤਾਂ ਨੇ ਆਪਣੇ -2 ਸੁਝਾਅ ਪੇਸ਼ ਕੀਤੇ ਮੀਟਿੰਗ ਸਮਾਪਤੀ ਵੱਲ ਜਾ ਰਹੀ ਸੀ। ਅਚਾਨਕ ਇਕ ਸਿੰਘ ਸਟੇਜ ਤੇ ਆਇਆ ਤੇ ਕਹਿਣ ਲੱਗਾ ਖਾਲਸਾ ਜੀ ਜਿੰਨਾ ਮਹਾਂਪੁਰਸ਼ਾਂ ਦੀ ਅਗਵਾਈ ਵਿਚ ਅਸੀ ਅੱਜ ਦਾ ਇਕੱਠ ਰਖਿਆ,ਉਨ੍ਹਾਂ ਬਾਰੇ ਇਕ ਗੱਲ ਸ਼ਾਇਦ ਤੁਹਾਨੂੰ ਨਹੀ ਪਤਾ ਹੋਵੇਗੀ ਇਹ ਉਹ ਸਖਸ਼ੀਅਤ ਹਨ ਜੋ ਦਮਦਮੀ ਟਕਸਾਲ ਦੇ ਮੁਖੀ ਬਣ੍ਹਨ ਤੋਂ ਪਹਿਲਾਂ ਟਕਸਾਲ ਦੇ ਮੁਖੀ ਸੰਤ ਬਾਬਾ ਠਾਕੁਰ ਸਿੰਘ ਜੀ ਅੱਗੇ ਭੇਟਾ ਲਈ ਦੋ ਲੱਖ ਡਾਲਰ ਮਾਇਆ ਵਿਦੇਸ਼ ਚੋਂ ਲੈ ਕੇ ਆਏ ਸਨ । ਗੱਲ ਤਾਂ ਗੱਲਾਂ ਵਿਚ ਰਲ੍ਹ ਗਈ ਪਰ ਮੇਰੇ ਮਨ ਤੇ ਦੂਸਰੀ ਵਾਰ ਬੜਾ ਪ੍ਰਭਾਵ ਪਿਆ ਪਹਿਲਾਂ ਜਦੋਂ ਮੈਂ ਬਾਬਾ ਜੀ ਦੇ ਪਿੰਡ (ਧੁੰਮਾ) ਨੇੜ੍ਹੇ ਰਾਜਪੁਰਾ ਜਾ ਕੇ ਮਹਾਂਪੁਰਸ਼ਾਂ ਦਾ ਘਰ ਵੇਖਿਆ ਤਾਂ ਹੈਰਾਨ ਹੋਣ ਤੋਂ ਰਹਿ ਨਹੀ ਸਕਿਆ ਸੀ,ਕਿ ਟਕਸਾਲ ਦੇ ਮੁਖੀ ਦਾ ਘਰ ਏਨਾ ਸਾਦਾ ਭਾਵ ਜਦੋਂ ਤੋਂ ਬਚ੍ਹਪਨ ਤੋਂ ਬਾਅਦ ਘਰੋਂ ਨਿਕਲੇ ਉਸੇ ਤਰ੍ਹਾਂ ਪਿਆ ਸੀ। ਦੂਜੇ ਪਾਸੇ ਜਦੋਂ ਅਸੀ ਵਰਤਮਾਨ ਪੰਥਕ ਹਾਲਾਤਾਂ ਤੇ ਝਾਂਤ ਮਾਰਦੇ ਹਾਂ ਤਾਂ ਪੰਥ ਨੂੰ ਪਿੱਠ ਦੇਣ ਵਾਲੇ ਆਪਣੇ ਪਰਿਵਾਰਾਂ ਤੱਕ ਸੀਮਤ ਨਿਜੀ ਜਥੇਬੰਦੀਆਂ ਬਣਾ ਕੇ ਡਾਲਰ,ਪੌਂਡ ਇਕੱਠੇ ਕਰਨ ਵਾਲਿਆਂ ਦੀ ਹੋੜ੍ਹ ਲੱਗੀ ਹੈ। ਆਪਣੀ ਚਤੁਰਾਈ ਅਤੇ ਦੂਸ਼ਣਬਾਜੀ ਦੇ ਸਿਰ ਤੇ ਬੇਸ਼ੱਕ ਸੰਸਾਰ ਸਾਹਮਣੇ ਸੱਚੇ ਸੁੱਚੇ ਸਾਬਤ ਹੋਣ ਪਰ ਸਤਿਗੁਰੂ ਸਾਹਿਬ ਦੀਆਂ ਖੁਸ਼ੀਆਂ ਉਨ੍ਹਾਂ ਦੀ ਝੋਲ੍ਹ ਕਦੇ ਨਹੀ ਪੈਣਗੀਆਂ,ਜਿਸ ਸੰਤ ਜਰਨੈਲ ਸਿੰਘ ਮਹਾਂਪੁਰਸ਼ ਦਾ ਸੰਸਾਰ ਜੱਸ ਗਾਂਉਦਾ ਹੈ,ਉਨ੍ਹਾਂ ਮਹਾਂਪੁਰਸ਼ਾਂ ਦੇ ਜਨਮ ਅਸਥਾਨ ਤੋਂ ਲੈ ਕੇ ਸ਼ਹੀਦੀ ਅਸਥਾਨਾਂ ਦੀਆਂ ਸੁੰਦਰ ਇਮਾਰਤਾਂ ਦੀ ਸੇਵਾ ਐਵੇਂ ਨਹੀ ਬਾਬਾ ਹਰਨਾਮ ਸਿੰਘ ਜੀ ਦੇ ਹਿੱਸੇ ਆਈ ਇਹ ਇਕ ਦੈਵੀ ਵਰਤਾਰਾ ਹੈ। 1984 ਤੋਂ ਦਮਦਮੀ ਟਕਸਾਲ ਅਤੇ ਵਿਦਿਆਲੇ ਨੂੰ ਖਤਮ ਕਰਨ ਲਈ ਪੰਥ ਵਿਰੋਧੀਆਂ ਨੇ ਲੱਖ ਯਤਨ ਕੀਤੇ ਪਰ ਸਤਿਗੁਰੂ ਜੀ ਦੀ ਕ੍ਰਿਪਾ ਅਤੇ ਮਹਾਂਪੁਰਸ਼ਾਂ ਦੀ ਯੋਗ ਅਗਵਾਈ ਸਦਕਾ ਅੱਜ ਵਿਦਿਆਲੇ ਦੇ ਪੜ੍ਹੇ ਗਿਆਨੀ ਸਿੰਘ ਸੰਸਾਰੀ ਵਿੱਦਿਆ ਵਿਚ ਵੀ ਗੋਲਡ ਮੈਡਲਿਸਟ ਹਨ । ਜਿੰਮੇਵਾਰ ਬਣ੍ਹਨਾ ਬਹੁਤ ਸੌਖਾ ਹੈ,ਪਰ ਜਿੰਮੇਵਾਰੀਆਂ ਨੂੰ ਨਿਭਾਉਣਾ ਬਹੁਤ ਔਖਾ ਆਪਣਾ ਆਪ ਵਾਰਨਾ ਪੈਂਦਾ।

**-ਸ਼ਮਸ਼ੇਰ ਸਿੰਘ ਜੇਠੂਵਾਲ**

ਆਵਾਜ਼ਿ ਕੌਮ
AWAZE QAUM
International Newspaper & WEB TV

## ਕੇਜਰੀਵਾਲ ਨੇ ਆਪਣੇ ਹੱਥਾਂ 'ਚ ਲਿਆ ਪੰਜਾਬ ਦਾ ਕੰਟਰੋਲ ?



**ਚੰਡੀਗੜ੍ਹ, 4 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਕਾਂਗਰਸ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ, ਜੇ ਦਾਗੀ ਵਿਭਵ ਕੁਮਾਰ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਮੁੱਖ ਸਲਾਹਕਾਰ ਨਿਯੁਕਤ ਕੀਤੇ ਜਾਣ ਬਾਰੇ ਖ਼ਬਰ ਸੱਚ ਹੈ ਇਸਦਾ ਮਤਲਬ ਹੈ ਅਰਵਿੰਦ ਕੇਜਰੀਵਾਲ ਨੇ ਸਿੱਧੇ ਤੌਰ 'ਤੇ ਪੰਜਾਬ ਦਾ ਕੰਟਰੋਲ ਆਪਣੇ ਹੱਥਾਂ ਵਿਚ ਲੈ ਲਿਆ ਹੈ ਪੰਜਾਬ ਦੇ ਮੁੱਖ ਮੰਤਰੀ ਦੇ ਦਫਤਰ ਵਿੱਚ ਵੱਡੀਆਂ ਤਬਦੀਲੀਆਂ ਹੋਣ ਦੀ ਖ਼ਬਰ ਵਿੱਚ ਕਨਸੋਆਂ ਜੁੜ ਰਹੀਆਂ ਹਨ ਕਿ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਸਾਬਕਾ ਪੀ. ਏ. ਵਿਭਵ ਕੁਮਾਰ ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਮੁੱਖ ਸਲਾਹਕਾਰ ਨਿਯੁਕਤ ਕੀਤਾ ਗਿਆ ਹੈ। ਆਰਟੀਆਈ ਐਕਟੀਵਿਸਟ ਮਾਨਿਕ ਗੋਇਲ ਨੇ ਖ਼ੁਲਾਸਾ ਕਰਦਿਆਂ ਸੋਸ਼ਲ ਮੀਡੀਆ ਉੱਤੇ ਲਿਖਿਆ, ਕਿ ਮੇਰੇ ਸੂਤਰਾਂ ਅਨੁਸਾਰ ਅਰਵਿੰਦ ਕੇਜਰੀਵਾਲ ਦੇ ਪੀ.ਏ. ਵਿਭਵ ਕੁਮਾਰ ਨੂੰ ਚੁੱਪ-ਚੁਪੀਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਮੁੱਖ ਸਲਾਹਕਾਰ ਲਾਇਆ ਗਿਆ ਹੈ। ਜੀ ਹਾਂ, ਉਹੀ ਵਿਭਵ ਕੁਮਾਰ ਜੋ ਕਥਿਤ ਤੌਰ 'ਤੇ ਐਮ. ਪੀ. ਸਵਾਤੀ ਮਾਲੀਵਾਲ ਨਾਲ ਕੇਜਰੀਵਾਲ ਦੀ ਕੁੱਟਮਾਰ ਦੇ ਦੋਸ਼ 'ਚ ਜੇਲ੍ਹ ਗਿਆ ਸੀ। ਰਿਪੋਰਟਾਂ ਦੱਸਦੀਆਂ ਹਨ ਕਿ ਪੰਜਾਬ ਦੇ ਮੁੱਖ ਮੰਤਰੀ ਘਰ ਦੇ ਕਈ ਕਮਰੇ ਉਸ ਨੂੰ ਠਹਿਰਾਉਣ ਲਈ ਸਾਫ਼ ਕੀਤੇ ਗਏ ਸਨ। ਉਹ ਹੁਣ ਮੁੱਖ ਮੰਤਰੀ ਦੀ ਰਿਹਾਇਸ਼ ਦੇ ਸਾਰੇ ਸੰਚਾਲਨ ਨੂੰ ਨਿਯੰਤਰਿਤ ਕਰਨ ਲਈ ਤਾਇਨਾਤ ਹੈ ਜੋ ਕਿ ਅਰਵਿੰਦ ਕੇਜਰੀਵਾਲ ਦੇ ਸਿੱਧੇ ਆਦੇਸ਼ਾਂ ਉੱਤੇ ਕੰਮ ਕਰਦਾ ਹੈ। ਇਸ ਮਾਮਲੇ ਦੇ ਸਾਹਮਣੇ ਆਉਣ ਤੋਂ ਆਉਣ ਹਲਕਾ ਭੁਲੱਥ ਤੋਂ ਕਾਂਗਰਸ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ, ਜੇ ਦਾਗੀ ਵਿਭਵ ਕੁਮਾਰ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਮੁੱਖ ਸਲਾਹਕਾਰ ਨਿਯੁਕਤ ਕੀਤੇ ਜਾਣ ਬਾਰੇ ਖ਼ਬਰ ਸੱਚ ਹੈ ਇਸਦਾ ਮਤਲਬ ਹੈ ਅਰਵਿੰਦ ਕੇਜਰੀਵਾਲ ਨੇ ਸਿੱਧੇ ਤੌਰ 'ਤੇ ਪੰਜਾਬ ਦਾ ਕੰਟਰੋਲ ਆਪਣੇ ਹੱਥਾਂ ਵਿਚ ਲੈ ਲਿਆ ਹੈ, ਜੋ ਕਿ ਬਹੁਤ ਹੀ ਨਿੰਦਣਯੋਗ ਹੈ ਅਤੇ ਭਗਵੰਤ ਮਾਨ ਵੱਲੋਂ ਪੰਜਾਬ ਦਾ ਆਤਮ ਸਮਰਪਣ ਹੈ ! ਯਾਦ ਰਹੇ ਕਿ ਇਹ ਵਿਭਵ ਕੁਮਾਰ ਉਹੀ ਵਿਅਕਤੀ ਹੈ ਜਿਸ ਨੂੰ ਐਮ ਪੀ ਸ੍ਰੀਮਤੀ ਸਵਾਤੀ ਮਾਲੇਵਾਲ ਦੀ ਕੁੱਟਮਾਰ ਕਰਨ ਦੇ ਦੋਸ਼ ਵਿੱਚ ਜੇਲ੍ਹ ਹੋਈ ਸੀ।

ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ (ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ) ਦੀ ਪ੍ਰੇਰਨਾ ਸਦਕਾ

www.nsycuk.com

ਸਾਲਾਨਾ ਯਾਤਰਾ 20 ਫਰਵਰੀ ਤੋਂ 12 ਮਾਰਚ 2025 ਤੱਕ

# ਪੰਜ ਤਖ਼ਤ ਸਾਹਿਬਾਨ ਅਤੇ ਹੋਰ ਇਤਿਹਾਸਕ ਗੁਰਦੁਆਰਿਆਂ ਦੀ ਸਾਲਾਨਾ ਯਾਤਰਾ



ਸ੍ਰੀ ਅਕਾਲ ਤਖ਼ਤ ਸਾਹਿਬ



ਤਖ਼ਤ ਸ੍ਰੀ ਪਟਨਾ ਸਾਹਿਬ



ਤਖ਼ਤ ਸ੍ਰੀ ਕੇਸਗੜ੍ਹ ਸਾਹਿਬ



ਤਖ਼ਤ ਸ੍ਰੀ ਦਮਦਮਾ ਸਾਹਿਬ



ਤਖ਼ਤ ਸ੍ਰੀ ਹਜ਼ੂਰ ਸਾਹਿਬ

## ਯਾਤਰਾ ਗੁਰਦੁਆਰਾ ਦੂਖ ਨਿਵਾਰਣ ਸਾਹਿਬ, ਗੁਰੂ ਤੇਗ ਬਹਾਦਰ ਨਗਰ, ਜਲੰਧਰ ਤੋਂ

20 ਫਰਵਰੀ 2025, ਦਿਨ ਵੀਰਵਾਰ ਨੂੰ ਸਵੇਰੇ ਠੀਕ 8 ਵਜੇ ਆਰੰਭ ਹੋਵੇਗੀ, ਸੰਗਤਾਂ ਸਵੇਰੇ 7.30 ਵਜੇ ਤੱਕ ਪਹੁੰਚਣ ਦੀ ਕਿਰਪਾ ਕਰਨ। 12 ਮਾਰਚ 2025, ਦਿਨ ਬੁੱਧਵਾਰ ਨੂੰ ਉਕਤ ਗੁਰਦੁਆਰਾ ਸਾਹਿਬ ਵਿਖੇ ਹੀ ਯਾਤਰਾ ਦੀ ਸਮਾਪਤੀ ਹੋਵੇਗੀ।



**ਬਾਹਰਲੇ ਦੇਸ਼ਾਂ ਤੋਂ ਜਾਣ ਵਾਲੇ ਯਾਤਰੀ ਦਾ ਖਰਚ 400 ਪੌਂਡ ਅਤੇ ਪੱਕੇ ਤੌਰ 'ਤੇ ਭਾਰਤ ਵਿਚ ਰਹਿ ਰਹੇ ਯਾਤਰੀ ਦਾ ਖਰਚਾ 20 ਹਜ਼ਾਰ ਰੁਪਏ ਹੈ**

ਸੀਮਤ ਸੀਟਾਂ ਜਲਦੀ ਬੁਕਿੰਗ ਕਰਵਾਉ ਜੀ

ਨੋਟ: ਵਿਦੇਸ਼ਾਂ ਤੋਂ ਸੰਗਤਾਂ ਆਪੋ-ਆਪਣੀਆਂ ਟਿਕਟਾਂ ਲੈ ਕੇ ਪੰਜਾਬ ਪਹੁੰਚਣਗੀਆਂ। ਯਾਤਰਾ ਏਅਰ ਕੰਡੀਸ਼ਨਰ ਕੋਚਾਂ ਵਿੱਚ ਕਰਵਾਈ ਜਾਵੇਗੀ। ਇੰਗਲੈਂਡ, ਅਮਰੀਕਾ, ਕੈਨੇਡਾ ਜਾਂ ਦੁਨੀਆਂ ਦੇ ਕਿਸੇ ਵੀ ਦੇਸ਼ ਵਿੱਚ ਰਹਿੰਦੇ ਸ਼ਰਧਾਲੂ ਇਸ ਯਾਤਰਾ ਵਿੱਚ ਜਾਲ ਲਈ ਸੰਪਰਕ ਕਰ ਸਕਦੇ ਹਨ। ਭਾਰਤ ਦੇ ਪੱਕੇ ਵਸਨੀਕ ਰਿਸ਼ਤੇਦਾਰਾਂ/ ਮਿੱਤਰਾਂ ਦੀ ਬੁਕਿੰਗ ਵੀ ਇੱਥੇ ਯੂ.ਕੇ. ਵਿੱਚ ਤੁਸੀਂ ਕਰਵਾ ਸਕਦੇ ਹੋ।

ਗੁ. ਸ੍ਰੀ ਗੁਰੂ ਤੇਗ ਬਹਾਦਰ, ਜਲੰਧਰ ਤੋਂ ਸ਼ੁਰੂਆਤ, ਗੁ. ਸ਼ਹੀਦ ਬੇਅੰਤ ਸਿੰਘ, ਗੁ. ਗੁਰੂ ਕਾ ਲਾਹੌਰ, ਗੁ. ਸੁਹੇਲਾ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਆਨੰਦਪੁਰ ਸਾਹਿਬ, ਬਾਉਲੀ ਸਾਹਿਬ, ਗੁ. ਨਾਢਾ ਸਾਹਿਬ, ਗੁ. ਸ੍ਰੀ ਕ੍ਰਿਪਾਲ ਸ਼ਿਲਾ, ਗੁ. ਸ੍ਰੀ ਪਾਉਂਟਾ ਸਾਹਿਬ, ਗੁ. ਦਸਤਾਰ ਅਸਥਾਨ, ਗੁ. ਭੰਗਾਣੀ ਸਾਹਿਬ, ਗੁ. ਤੀਰਗੜ੍ਹੀ ਸਾਹਿਬ, ਗੁ. ਨਾਨਕਮਤਾ ਸਾਹਿਬ, ਗੁ. ਬਾਬਾ ਅਲਮਸਤ ਸਾਹਿਬ, ਗੁ. ਭੰਡਾਰਾ ਸਾਹਿਬ, ਗੁ. ਦੁੱਧ ਵਾਲਾ ਖੂਹ, ਬਾਉਲੀ ਸਾਹਿਬ, ਗੁ. ਭਗਤ ਕਬੀਰ ਜੀ ਮਗਹਰ,ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ, ਗੁ. ਗਊ ਘਾਟ, ਗੁ. ਤਾਕੀ ਸਾਹਿਬ, ਗੁ. ਗੁਰੂ ਕਾ ਬਾਗ ਪਟਨਾ ਸਾਹਿਬ, ਗੁ. ਕੰਗਣ ਘਾਟ, ਮਾਤਾ ਗੁਜਰੀ ਜੀ ਦਾ ਖੂਹ, ਗੁ. ਬਾਲ ਲੀਲ੍ਹਾ, ਗੁ. ਹਾਂਡੀ ਸਾਹਿਬ, ਗੁ. ਸ਼ੀਤਲ ਕੁੰਡ ਰਾਜਗੀਰ, ਗੁ. ਗਵਾਰੀ ਘਾਟ ਸਾਹਿਬ ਜੱਬਲਪੁਰ, ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਗੁ. ਰਤਨਗੜ੍ਹ ਸਾਹਿਬ, ਗੁ. ਨਾਨਕਸਰ, ਗੁ. ਸੰਗਤ ਸਾਹਿਬ, ਗੁ. ਮਾਤਾ ਸਾਹਿਬ ਦੇਵਾਂ ਜੀ, ਗੁ. ਅੰਗੀਠਾ ਸਾਹਿਬ ਸੰਤ ਬਾਬਾ ਨਿਧਾਨ ਸਿੰਘ ਜੀ-ਸੰਤ ਬਾਬਾ ਹਰਨਾਮ ਸਿੰਘ ਜੀ, ਗੁ. ਭਜਨਗੜ੍ਹ ਸਾਹਿਬ, ਗੁ. ਨਾਨਕ ਝੀਰਾ ਸਾਹਿਬ, ਗੁ. ਹੀਰਾ ਘਾਟ, ਗੁ. ਮਾਲਟੇਕੜੀ ਸਾਹਿਬ, ਗੁ. ਨਗੀਨਾ ਘਾਟ, ਗੁ. ਬੰਦਾ ਘਾਟ, ਦੇਹੁਰਾ ਭਗਤ ਨਾਮਦੇਵ ਜੀ, ਗੁ. ਬੜੀ ਸੰਗਤ ਸਾਹਿਬ ਬੁਰਹਾਨਪੁਰ, ਗੁ. ਦੱਖਣੀ ਓਅੰਕਾਰ ਸਾਹਿਬ, ਗੁ. ਸਾਹਿਬ ਬੇਟਮਾ ਇੰਦੌਰ, ਗੁ. ਦਾਤਾ ਬੰਦੀ ਛੋੜ ਗਵਾਲੀਅਰ, ਗੁ. ਦੂਖ ਨਿਵਾਰਨ ਸਾਹਿਬ ਆਗਰਾ, ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਭਾਈ ਡੱਲੇ ਦੀ ਹਵੇਲੀ, ਭੋਰਾ ਬਾਬਾ ਦੀਪ ਸਿੰਘ ਜੀ, ਗੁ. ਬਾਬਾ ਬੀਰ ਸਿੰਘ ਧੀਰ ਸਿੰਘ, ਗੁ. ਦਮਦਮਾ ਸਾਹਿਬ, ਗੁਰਦੁਆਰਾ ਬੁੰਗਾ ਮਸਤੂਆਣਾ, ਗੁਰੂਸਰ ਮਹਿਰਾਜ, ਗੁ. ਜ਼ਫ਼ਰਨਾਮਾ ਸਾਹਿਬ, ਗੁਰਦੁਆਰਾ ਟੁੱਟੀ ਗੰਢੀ ਸਾਹਿਬ, ਗੁ. ਤੰਬੂ ਸਾਹਿਬ ਸ੍ਰੀ ਮੁਕਤਸਰ ਸਾਹਿਬ, ਸ੍ਰੀ ਤਰਨਤਾਰਨ ਸਾਹਿਬ, ਛੇਹਰਟਾ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਜਲੰਧਰ ਵਾਪਸੀ ਹੋਵੇਗੀ ।

**ਯਾਤਰੂ ਟਰੈਵਲ ਇੰਸ਼ੋਰੈਂਸ ਖੁਦ ਜ਼ਰੂਰ ਕਰਵਾਉਣ। ਤੁਸੀਂ ਆਪਣੇ ਨਾਂਅ ਇੰਗਲੈਂਡ ਦੇ ਵੱਖ-ਵੱਖ ਸ਼ਹਿਰਾਂ ਵਿਚ ਵੀ ਸਾਡੇ ਸੇਵਾਦਾਰਾਂ ਨੂੰ ਦੇ ਸਕਦੇ ਹੋ। ਵਧੀਆ ਰਿਹਾਇਸ਼ ਅਤੇ ਮੁੱਢਲੀ ਡਾਕਟਰੀ ਸਹਾਇਤਾ ਦਾ ਖਾਸ ਪ੍ਰਬੰਧ ਕੀਤਾ ਜਾਂਦਾ ਹੈ।**

## ਗੁਰੂ ਪੰਥ ਦੇ ਦਾਸ: ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ

| | | | |
|---|---|---|---|
| ਭਾਈ ਰਘਵੀਰ ਸਿੰਘ ਮਾਲੜੀ ਨੋਟਿੰਘਮ | +44 7813953484 | ਭਾਈ ਅਮਰੀਕ ਸਿੰਘ ਤੂਰ ਡਰਬੀ | +44 7539243163 |
| ਭਾਈ ਰਘਵੀਰ ਸਿੰਘ ਵਾਲਸਾਲ | +44 7976210161 | ਬੀਬੀ ਜਸਵਿੰਦਰ ਕੌਰ ਥਾਂਦੀ ਕਵੈਂਟਰੀ | +44 7895666314 |
| ਭਾਈ ਬਲਜੀਤ ਸਿੰਘ ਕੰਗ | +44 7780605230 | ਭਾਈ ਕਪਤਾਨ ਸਿੰਘ ਵੁਲਵਰਹੈਂਪਟਨ | +44 7788283485 |

ਨੋਟ: ਕਿਸੇ ਜਥੇਬੰਦੀ ਜਾਂ ਨਿੱਜੀ ਲਾਭ ਦੀ ਬਜਾਏ ਇਸ ਯਾਤਰਾ ਕਮੇਟੀ ਦਾ ਗਠਨ ਸੰਗਤਾਂ ਦੀ ਸੇਵਾ ਲਈ ਕੀਤਾ ਗਿਆ ਹੈ, ਇਕੱਤਰ ਮਾਇਆ ਗੁਰਦੁਆਰਾ ਸਾਹਿਬਾਨ ਦੀ ਸੇਵਾ ਵਿੱਚ ਹੀ ਲਾਈ ਜਾਂਦੀ ਹੈ।


Nankana Sahib Yatra Committee U.K, 21 Hazel Ave, Littleover, Derby De23 7HA
www.nsycuk.com, E-Mail: nsycuk1469@gmail.com
ਪਿਛਲੇ ਸਾਲਾਂ ਦੀਆਂ ਯਾਤਰਾ ਤਸਵੀਰਾਂ ਦੇਖਣ ਲਈ ਸਾਡੇ ਫੇਸਬੁੱਕ ਪੇਜ Nankana Sahib Yatra Commitee UK ਅਤੇ ਵੈੱਬਸਾਈਟ ਤੇ ਜ਼ਰੂਰ ਜਾਉ ਜੀ

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

ਜਨਮ
ਪਿੰਡ ਰੋਡੇ
2.6.1947
Birth
Pind Rode

ਸ਼ਹੀਦੀ
ਸ੍ਰੀ ਦਰਬਾਰ ਸਾਹਿਬ
ਅੰਮ੍ਰਿਤਸਰ
6.6.1984
Shaheedi
Sri Darbar Sahib
Amritsar



www.damdamitaksal.net

Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net



ਅਕਾਲ ਸਹਾਇ ... ਦਮਦਮੀ ਟਕਸਾਲ

ਨਾਮ ਜਪੋ Naam Japo
ਕਿਰਤ ਕਰੋ Kirat Karo
ਵੰਡ ਛਕੋ Vand Shako

ਜਥਾ ਭਿੰਡਰਾਂ (ਮਹਿਤਾ)
www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi

ਗਤਕਾ ਸਿੱਖੋ Learn Gatka

www.damdamitaksal.net



ਆਵਾਜ਼ਿ ਕੌਮ
Daily Newspaper from U.K.

Publisher/Chief Editor
**Raghbir Singh Walsal**
E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


24 SERVICE EVERYDAY HOURS

PURE AND NATURAL 100% VEGETARIAN

Enjoy Real Taste of PUNJAB

KD

FULLY A.C. HALL

**Khehra VAISHNO DHABA**

BREAKFAST
LUNCH
DINNER

OUR SPECIALIZATION : Au Important Ingredients used to Prepare Dishes are Grown in our own farmes.

Soup
Burger
Sandwich
Pizza
Grilled Breads
Continental Fast Food
Tandoori Snacks
Tandoori Breads
Biryani Khas
Beverages
Shakes
Desserts
Punjabi Snacks
South Indian
Kathi Roll
Pasta
Chines Food
Raita Salad

V.P.O. Mallian
Jalandhar-Amritsar G.T. Road
NEAR JANDIALA GURU
Contact
98610-00057, 99152-32757



We Accept Online & Card Payment



## ਪੰਜਾਬੀ
## ਸਿੱਖੋ ਬੋਲੋ ਪੜ੍ਹੋ ਲਿਖੋ

ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰੋ

| | | | | |
|---|---|---|---|---|
| ੳ | ਅ | ੲ | ਸ | ਹ |
| ਕ | ਖ | ਗ | ਘ | ਙ |
| ਚ | ਛ | ਜ | ਝ | ਞ |
| ਟ | ਠ | ਡ | ਢ | ਣ |
| ਤ | ਥ | ਦ | ਧ | ਨ |
| ਪ | ਫ | ਬ | ਭ | ਮ |
| ਯ | ਰ | ਲ | ਵ | ੜ |
| ਸ਼ | ਖ਼ | ਗ਼ | ਜ਼ | ਫ਼ | ਲ਼ |

Love Maa Boli Punjabi

www.damdamitaksal.net

ਮੁਕਤਾ, ਾ ਕੰਨਾ, ਿ ਸਿਹਾਰੀ, ੀ ਬਿਹਾਰੀ
ੁ ਔਂਕੜ, ੂ ਦੁਲੈਂਕੜ, ੇ ਲਾਂ, ੈ ਦੁਲਾਵਾਂ
ੋ ਹੋੜਾ, ੌ ਕਨੌੜਾ, ੰ ਟਿੱਪੀ, ਾਂ ਕੰਨਾ-ਬਿੰਦੀ

www.damdamitaksal.net

੧ ੨ ੩ ੪ ੫ ੬ ੭ ੮ ੯ ੧੦

www.damdamitaksal.net
Learn Speak Read Write PUNJABI


ਦੇਗ ਤੇਗ ਫ਼ਤਿਹ – ਪੰਥ ਕੀ ਜੀਤ
ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥
ਸਲਾਨਾ ਜੋੜ ਮੇਲਾ
ਧੰਨ-ਧੰਨ ਮਾਤਾ ਸਾਹਿਬ ਕੌਰ ਜੀ
ਗੁਰਮਤਿ ਸਮਾਗਮ
3 ਨਵੰਬਰ 2024 ਦਿਨ ਐਤਵਾਰ ਨੂੰ
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ
ਗੁਰਦੁਆਰਾ ਸ਼ਹੀਦਾਂ, ਜੱਸੋਵਾਲ
(ਬੱਬਰਾਂ ਦਾ ਹਾਈਕੋਰਟ)
ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ
ਦਮਦਮੀ ਟਕਸਾਲ ਭਿੰਡਰਾਂ ਵਾਲੇ, ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ,
ਪ੍ਰਧਾਨ ਭਾਈ ਲਾਲੋ ਜੀ ਸੰਤ ਸਮਾਜ, ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦਲ
ਸੰਪਰਕ ਨੰਬਰ
98141-27470


ਸਾਬਤ ਸੂਰਤਿ ਦਸਤਾਰ ਸਿਰਾ
ਦਸਤਾਰਾਂ ਹੀ ਦਸਤਾਰਾਂ
ਰੰਧਾਵਾ ਪਗੜੀ ਸੈਂਟਰ
ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।
ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।
ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।
ਰੈਣਕ ਬਾਜ਼ਾਰ, ਜਲੰਧਰ (ਪੰਜਾਬ)
ਸੰਪਰਕ ਨੰ. :
+91 98882-22446


ASA Gas Heating Solution Ltd.
Boilers
Certificates
Gas Work
Cylinders
Maintenance Services
Gas Safety Inspections
Plumbing Work
Vaillant APPROVED INSTALLER
WORCESTER Bosch Group
ਏ.ਐਸ.ਏ. ਗੈਸ ਹੀਟਿੰਗ ਸਲੂਸ਼ਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ਼ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ
Mr. Simran Singh : 0749 534 2620
asagasheatingsolutions@gmail.com
Call us now for a Free no-olbigation quote







KHALSA FORGE

Explore a stunning collection of high-quality Damascus and Sarbloh Kirpans, meticulously crafted for excellence.
www.khalsaforge.com

# ਖਾਲਸਾ ਫੋਰਜ

☛ ਉੱਚ ਕੁਆਲਿਟੀ ਦੀਆਂ ਸਰਬਲੋਹ ਕਿਰਪਾਨਾਂ ਅਤੇ ਗਾਤਰਾ ਸਾਹਿਬ ਖ਼ਰੀਦਣ ਲਈ ਸੰਪਰਕ ਕਰੋ।

☛ ਆਨਲਾਈਨ ਆਰਡਰ ਵੀ ਬੁੱਕ ਕੀਤੇ ਜਾਂਦੇ ਹਨ।









www.khalsaforge.com


HAYES PLANT HIRE
WE TRAIN YOU GAIN
NPORS ACCREDITED
Telescopic Handler
Excavator 360
Road Roller
Forward Tipping Dumper
Tractor
Dozer
Plant Training and Testing on All
CATEGORIES OF
MACHINERY.
Dump Truck
HAYES PLANT HIRE
ਉਪਰੋਕਤ ਮਸ਼ੀਨਾਂ ਦੇ ਲਾਇਸੈਂਸ ਪ੍ਰਾਪਤ ਕਰਨ ਲਈ ਸੰਪਰਕ ਕਰੋ
NROPS Accredited
ਉਪਰੋਕਤ ਹਰ ਤਰ੍ਹਾਂ ਦੀ ਮਸ਼ੀਨਰੀ ਦੀ
ਟਰੇਨਿੰਗ ਅਤੇ ਟੈਸਟਿੰਗ ਦੀ ਸਿਖਲਾਈ ਦਿੱਤੀ ਜਾਂਦੀ ਹੈ।
CONTACT- 07831543004
Hollis Farm, Clay Cross Chesterfield. S45 9BA
01246864370
ਆਵਾਜ਼ਿ ਕੌਮ AWAZE QAUM
International Newspaper & WEB TV
CALL US TO BOOK YOUR CSCS LEVEL ONE COURSE.
07715 1-28621




# • ਪੁਰਜ਼ੋਰ ਅਪੀਲ •

ਦੇਸ਼ ਵਿਦੇਸ਼ ਵਿੱਚ ਵੱਸਦੀ ਸਮੂਹ ਸਿੱਖ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਭਾਰਤੀ ਹਕੂਮਤ ਦੇ ਹੁਕਮਾਂ ਤੇ ਸਿੱਖਾਂ ਦੇ ਪਾਵਨ ਪਵਿੱਤਰ ਅਸਥਾਨ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਤੇ ਧਾੜਵੀ ਬਣਕੇ ਆਕੇ ਟੈਂਕਾਂ ਤੋਪਾਂ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ ਢੇਰੀ ਕਰਨ ਵਾਲੇ ਜਰਨਲ ਵੈਦਿਆ ਨੂੰ ਸੋਧਾ ਲਾਕੇ ਸਿੱਖ ਕੌਮ ਦੀ ਡਿੱਗੀ ਪੱਗ ਸਿਰ ਤੇ ਰੱਖਣ ਵਾਲੇ ਸੂਰਬੀਰ ਯੋਧੇ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ ਜੀ ਦੀ 32ਵੀਂ ਬਰਸੀ ਉਹਨਾਂ ਦੇ ਜੱਦੀ ਪਿੰਡ ਗੱਦਲੀ, ਜਿਲਾ ਅੰਮ੍ਰਿਤਸਰ ਵਿਖੇ 9 ਅਕਤੂਬਰ 2024 ਨੂੰ ਮਨਾਈ ਜਾ ਰਹੀ ਹੈ। ਆਪ ਸਭ ਨੇ ਆਪਣੇਂ ਕੀਮਤੀ ਰੁਝੇਵਿਆਂ ਚੋਂ ਸਮਾਂ ਕੱਢ ਕੇ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।

ਬੇਨਤੀ ਕਰਤਾ :-

## ਭਾਈ ਭੁਪਿੰਦਰ ਸਿੰਘ ਗੱਦਲੀ

(ਭਰਾਤਾ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ)


DHAN DHAN SRI GURU NANAK DEV JI'S PARKASH PURAB
SANDWELL
NAGAR
KIRTAN
ਨਗਰ ਕੀਰਤਨ
SUNDAY 3 NOV 2024
GURDWARA GURU HAR RAI SAHIB JI START 9.00AM
George Street, West Bromwich
GURU NANAK GURDWARA 11.00AM
Edward Street, West Bromwich
GURDWARA AMRIT PARCHAR DHARMIK DIWAN 1.00PM
Birmingham Road, Oldbury
GURDWARA GURU MANEYO GRANTH 2.00PM
Popes Lane, Oldbury
GURDWARA BABA SANG 3.15PM
St Paul's Road, Smethwick
GURU NANAK GURDWARA SMETHWICK 4.00pm FINISH
High Street, Smethwick
ਗੁਰਦੁਆਰਾ ਗੁਰੂ ਹਰਿ ਰਾਇ ਸਾਹਿਬ ਅਰੰਭਤਾ: ੯.00 ਵਜੇ
ਜੋਰਜ ਸਟਰੀਟ ਵੈਸਟ ਬ੍ਰਮਵਿਚ
ਗੁਰੂ ਨਾਨਕ ਗੁਰਦੁਆਰਾ, ੧੧.00 ਵਜੇ
ਏਡਵਰਡ ਸਟਰੀਟ ਵੈਸਟ ਬ੍ਰਮਵਿਚ
ਗੁਰਦੁਆਰਾ ਅੰਮ੍ਰਿਤ ਪ੍ਰਚਾਰ ਧਾਰਮਿਕ ਦੀਵਾਨ ੧.00 ਵਜੇ
ਬ੍ਰਮਿੰਘਮ ਰੋਡ, ਓਲਡਬਰੀ
ਗੁਰਦੁਆਰਾ ਗੁਰੂ ਮਾਨਯੋ ਗ੍ਰੰਥ ੨.00 ਵਜੇ
ਪੋਪਸ ਲੇਨ, ਓਲਦਬਰੀ
ਗੁਰਦੁਆਰਾ ਬਾਬਾ ਸੰਗ ਜੀ ੩.੧੫ ਵਜੇ
ਸਟ. ਪੌਲਜ਼ ਰੋਡ, ਸਮੈਦਿਕ
ਗੁਰੂ ਨਾਨਕ ਗੁਰਦੁਆਰਾ ਸਮਾਪਤੀ: ੪.00 ਵਜੇ
ਸਮੈਦਿਕ
ਆਵਾਜ਼ਿ ਕੌਮ AWAZE QAUM International Newspaper & WEB TV
GURU HAR RAI GURDWARA SAHIB - 0121 553 7219
GURU NANAK GURDWARA SMETHWICK - 0121 558 2527
GURDWARA AMRIT PARCHAR DHARMIK DIWAN OLDBURY
Gurdwara Guru Maneyo Granth OLDBURY
GURU NANAK GURDWARA SMETHWICK
The Council of Sikh Gurdwaras in Sandwell

### ਖਾੜਕੂ ਲਹਿਰ ਵੇਲੇ ਦੇ ਦਰਜ ਕੇਸ ਹਾਲੇ ਵੀ ਮੇਰਾ ਪਿੱਛਾ ਨਹੀਂ ਛੱਡ ਰਹੇ

# ਸਰਕਾਰ ਵਾਰ ਵਾਰ ਗੁਲਾਮੀ ਦਾ ਅਹਿਸਾਸ ਕਰਵਾ ਰਹੀ ਹੈ -ਕਰਨੈਲ ਸਿੰਘ ਪੰਜੋਲੀ



**ਮੈਂ ਪਹਿਲੀ** ਵਾਰ 1997 ਵਿੱਚ ਪਾਸਪੋਰਟ ਅਪਲਾਈ ਕੀਤਾ ਸੀ ਜਿਸ ਉੱਤੇ ਪੁਲੀਸ ਨੇ ਮੇਰੀ ਰਿਪੋਰਟ ਵਿੱਚ ਲਿਖਿਆ ਸੀ ਕਿ ਕਰਨੈਲ ਸਿੰਘ ਪੰਜੋਲੀ ਤੋਂ ਦੇਸ ਦੀ ਏਕਤਾ ਅਤੇ ਅਖੰਡਤਾ ਨੂੰ ਖ਼ਤਰਾ ਹੈ ਇਸ ਕਰਕੇ ਇਸ ਨੂੰ ਪਾਸਪੋਰਟ ਨਹੀ ਦਿੱਤਾ ਜਾ ਸਕਦਾ।ਪੁਲੀਸ ਥਾਣਾ ਮੂਲੇਪੁਰ ਦੇ ਮੁਨਸ਼ੀ ਦੇ ਲਿਖੇ ਇਹ ਸ਼ਬਦ ਕਿ ਕਰਨੈਲ ਸਿੰਘ ਪੰਜੋਲੀ ਤੋਂ ਦੇਸ ਦੀ ਏਕਤਾ ਅਤੇ ਅਖੰਡਤਾ ਨੂੰ ਖ਼ਤਰਾ ਹੈ ਇਸ ਕਰਕੇ ਇਸ ਨੂੰ ਪਾਸ ਪੋਰਟ ਨਹੀ ਦਿੱਤਾ ਜਾ ਸਕਦਾ, ਇਹਨਾ ਸ਼ਬਦਾਂ ਉੱਤੇ ਐਸ ਐਚ ਤੋ ਲੈਕੇ ਡੀ ਜੀ ਪੀ ਤੱਕ ਨੇ ਮੋਹਰ ਲਾ ਦਿੱਤੀ ਸੀ ।ਉਸ ਸਮੇਂ ਅਕਾਲੀ ਸਰਕਾਰ ਸੀ ਟੌਹੜਾ ਸਾਹਿਬ ਅਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸਮੇਤ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਬਾਵਾ ਸਿੰਘ ਤੱਕ ਨੇ ਮੈਨੂੰ ਪਾਸਪੋਰਟ ਦੇਣ ਲਈ ਪਾਸਪੋਰਟ ਦਫ਼ਤਰ ਨੂੰ ਚਿੱਠੀਆਂ ਲਿੱਖ ਕੇ ਸਿਫ਼ਾਰਸ਼ਾਂ ਕੀਤੀਆ ਸਨ ।ਪਰ ਮੈਨੂੰ ਪਾਸਪੋਰਟ ਨਾ ਮਿਲਿਆ ,ਮੈਂ ਭਾਰਤ ਦੀ ਪਾਰਲੀਮੈਂਟ ਦੇ ਹਰ ਮੈਂਬਰ ਪਾਰਲੀਮੈਂਟ ਨੂੰ ਚਿੱਠੀਆਂ ਲਿੱਖੀਆ ।ਬਹੁਤ ਸਾਰਿਆਂ ਦੇ ਮੈਨੂੰ ਜਬਾਬ ਵੀ ਆਏ ਕਿ ਅਸੀ ਪਾਸਪੋਰਟ ਦਫ਼ਤਰ ਨੂੰ ਤੁਹਾਨੂੰ ਪਾਸਪੋਰਟ ਦੇਣ ਲਈ ਸਿਫਾਰਸ ਕੀਤੀ ਹੈ , ਪਰ ਮੈਨੂੰ ਪਾਸਪੋਰਟ ਨਾ ਮਿਲਿਆ ।ਮੇਰੇ ਪਾਸਪੋਰਟ ਵਾਰੇ ਬਹੁਤ ਸਾਰੀਆਂ ਖਬਰਾ ਵੀ ਲੱਗੀਆਂ ।ਕਨੇਡਾ ਦੇ ਕਈ ਪੰਜਾਬੀ ਅਖਬਾਰਾ ਨੇ ਆਰਟੀਕਲ ਵੀ ਲਿਖੇ ।ਇੱਕ ਦਿਨ ਸਰਦਾਰ ਦਿਲਮੇਘ ਸਿੰਘ ਸੈਕਟਰੀ ਸਰੋਮਣੀ ਗੁਰਦੁਆਰਾ ਪ੍ਰਬੰਧਕ ਸ੍ਰੀ ਫਤਹਿਗੜ ਸਾਹਿਬ ਆਏ , ਮੈਨੂੰ ਕਹਿਣ ਲੱਗੇ ਕਿ ਪਾਸਪੋਰਟ ਦਾ ਕੀ ਚੱਕਰ ਪੈ ਗਿਆ ।ਮੈਂ ਸਾਰੀ ਕਹਾਣੀ ਸੁਣਾਈ , ਮੈਨੂੰ ਸਰਦਾਰ ਦਿਲਮੇਘ ਸਿੰਘ ਕਹਿਣ ਲੱਗੇ ਕਿ ਤੂੰ ਇੱਕ ਅਸ਼ਟਾਮ ਪੇਪਰ ਉੱਤੇ ਸਾਰੀ ਕਹਾਣੀ ਲਿੱਖ ਕੇ ਭਾਰਤ ਦੇ ਰਾਸ਼ਟਰਪਤੀ ਨੂੰ ਡੀ ਸੀ ਫਤਹਿਗੜ ਸਾਹਿਬ ਰਾਹੀਂ ਇੱਕ ਨੋਟਿਸ ਦੇ ਦਿਓ ਕਿ , ਪਾਸਪੋਰਟ ਮੇਰੀ ਨਾਗਰਿਕਤਾ ਹੈ ਜੇ ਭਾਰਤ ਦੀ ਸਰਕਾਰ ਮੈਨੂੰ ਇਸ ਦੇਸ਼ ਦੀ ਨਾਗਰਿਕਤਾ ਨਹੀਂ ਦੇਣਾ ਚਾਹੁੰਦੀ ਤਾਂ ਮੈਂ ਭਾਰਤ ਸਰਕਾਰ ਵਿਰੁੱਧ ਕਿਸੇ ਹੋਰ ਦੇਸ ਦੀ ਨਾਗਰਿਕਤਾ ਲੈਣ ਲਈ ਯੂ ਐਨ ਓ ਵਿੱਚ ਅਪੀਲ ਕਰਾਂਗਾ ।ਮੈਂ ਸਰਦਾਰ ਦਿਲਮੇਘ ਸਿੰਘ ਦੀ ਗੱਲ ਮੰਨ ਕੇ ਡੀ ਸੀ ਫਤਹਿਗੜ ਸਾਹਿਬ ਰਾਹੀਂ ਭਾਰਤ ਦੇ ਰਾਸ਼ਟਰਪਤੀ ਨੂੰ ਲੀਗਲ ਨੋਟਿਸ ਦੇ ਦਿੱਤਾ ।ਭਾਰਤ ਦੇ ਰਾਸ਼ਟਰਪਤੀ ਨੇ ਭਾਰਤ ਦੇ ਉਸ ਸਮੇਂ ਦੇ ਪ੍ਰਧਾਨ ਮੰਤਰੀ ਸ੍ਰੀ ਇੰਦਰ ਕੁਮਾਰ ਗੁਜਰਾਲ ਨੂੰ ਲਿਖਿਆ ਸੀ ਕਿ ਇਸ ਬੰਦੇ ਦੀ ਤਸੱਲੀ ਕਰਵਾਈ ਜਾਵੇ ।ਭਾਰਤ ਦੇ ਪ੍ਰਧਾਨ ਮੰਤਰੀ ਨੇ ਮੇਰੇ ਪਾਸਪੋਰਟ ਸਬੰਧੀ ਸੀ ਬੀ ਆਈ ਨੂੰ ਯੋਗ ਕਾਰਵਾਈ ਲਈ ਲਿਖ ਦਿੱਤਾ ।ਸੀ ਬੀ ਆਈ ਦਾ ਇੱਕ ਐਸ ਪੀ ਰੈਂਕ ਦਾ ਆਫਿਸਰ ਮੇਰੇ ਪਿੰਡ ਆਇਆ ਉਸ ਨੇ ਮੇਰੇ ਪਿੰਡ ਦੇ ਕੁੱਝ ਬੰਦਿਆਂ ਦੇ ਬਿਆਨ ਲਿਖੇ , ਫਿਰ ਥਾਣੇ ਮੂਲੇਪੁਰ ਗਿਆ ਜਿੱਥੋਂ ਉਸ ਨੇ ਮੇਰੇ ਵਿਰੁੱਧ ਦਰਜ ਕੇਸਾਂ ਦੀ ਪੁਣ ਛਾਣ ਕੀਤੀ ।ਅਖੀਰ ਉਹ ਸ੍ਰੀ ਫਤਹਿਗੜ ਸਾਹਿਬ ਦੇ ਤਤਕਾਲੀ ਐਸ ਐਸ ਪੀ ਹੁੰਦਲ ਸਾਹਿਬ ਨੂੰ ਮਿਲਿਆ ਜੋ ਸਰਦਾਰ ਸੁਰਜੀਤ ਸਿੰਘ ਬਰਨਾਲਾ ਸਾਹਿਬ ਦਾ ਭਾਣਜਾ ਲੱਗਦਾ ਸੀ ।ਉਹਨਾ ਨੇ ਐਸ ਐਸ ਪੀ ਨੂੰ ਕਿਹਾ ਕਿ ਮੈਨੂੰ ਕੱਲ ਤੱਕ ਦੱਸੋ ਕਿ ਕਰਨੈਲ ਸਿੰਘ ਪੰਜੋਲੀ ਵਿਰੁਧ ਕਿਹੜੀ ਕਿਹੜੀ ਅਦਾਲਤ ਵਿੱਚ ਕੇਸ ਚਲਦੇ ਹਨ ।ਸੀ ਬੀ ਆਈ ਦੇ ਐਸ ਪੀ ਨੇ ਮੈਨੂੰ ਐਸ ਐਸ ਪੀ ਫਤਹਿਗੜ ਸਾਹਿਬ ਦੇ ਦਫ਼ਤਰ ਸੱਦਿਆ ।ਮੇਰੇ ਸਾਹਮਣੇ ਉਸ ਨੇ ਐਸ ਐਸ ਪੀ ਨੂੰ ਪੁੱਛਿਆ ਕਿ ਦੱਸੋ ਇਸ ਦੇ ਕੇਸਾਂ ਦੀ ਕੀ ਰਿਪੋਰਟ ਹੈ ।ਐਸ ਐਸ ਪੀ ਨੇ ਦੱਸਿਆ ਕਿ ਕਰਨੈਲ ਸਿੰਘ ਪੰਜੋਲੀ ਉੱਤੇ ਤਿੰਨ ਵਾਰ ਐਨ ਐਸ ਏ ਲੱਗ ਚੁੱਕੀ ਹੈ ਅਤੇ ਵੱਖ ਵੱਖ ਥਾਨਿਆਂ ਵਿੱਚ ਇਸ ਵਿਰੁੱਧ ਵੱਖ ਵੱਖ ਧਰਾਵਾਂ ਤਹਿਤ 18 ਮੁਕੱਦਮੇ ਦਰਜ ਕੀਤੇ ਗਏ ਸਨ ।ਜਿਹਨਾ ਵਿੱਚ 6 ਕੇਸਾਂ ਵਿੱਚੋਂ ਇਹ ਬਰੀ ਹੋਗਿਆ 6 ਕੇਸ ਅਨਟਰੇਸ ਭਰੇ ਗਏ ਹਨ ਅਤੇ 6 ਕੇਸ ਸਰਕਾਰ ਨੇ ਵਾਪਸ ਲੈ ਲਏ ਹਨ ।ਸੀ ਬੀ ਆਈ ਦੇ ਐਸ ਪੀ ਨੇ ਕਿਹਾ ਕਿ ਮੌਜੂਦਾ ਸਮੇਂ ਵਿੱਚ ਦੱਸੋ ਕਿ ਕਰਨੈਲ ਸਿੰਘ ਪੰਜੋਲੀ ਵਿਰੁੱਧ ਕਿਹੜੀ ਅਦਾਲਤ ਵਿੱਚ ਕਿਹੜੀ ਧਾਰਾ ਅਧੀਨ ਕੇਸ ਚਲਦਾ ।ਐਸ ਐਸ ਪੀ ਕਹਿਣ ਲੱਗੇ ਕਿ ਮੌਜੂਦਾ ਸਮੇਂ ਤਾਂ ਇਹਨਾ ਵਿਰੁੱਧ ਕੋਈ ਕੇਸ ਨਹੀ ਚਲਦਾ ।ਸੀ ਬੀ ਆਈ ਦੇ ਐਸ ਪੀ ਨੇ ਕਿਹਾ ਕਿ ਫਿਰ ਤੁਸੀ ਇਸ ਨੂੰ ਪਾਸਪੋਰਟ ਨਾ ਦੇਣ ਦੀ ਸਿਫਾਰਸ ਕਿਵੇਂ ਕਰੀ ਜਾ ਰਹੇ ਹੋ , ਉਸ ਨੇ ਕਿਹਾ ਕਿ ਤੁਸੀ ਪਾਸਪੋਰਟ ਦਫ਼ਤਰ ਨੂੰ ਲਿਖੋ ਕਿ ਮੌਜੂਦਾ ਸਮੇਂ ਵਿੱਚ ਕਰਨੈਲ ਸਿੰਘ ਪੰਜੋਲੀ ਵਿਰੁੱਧ ਕਿਸੇ ਅਦਾਲਤ ਵਿੱਚ ਕੋਈ ਵੀ ਕੇਸ ਨਹੀਂ ਚਲਦਾ ਇਸ ਕਰਕੇ ਇਸ ਦਫ਼ਤਰ ਨੂੰ ਇਸ ਨੂੰ ਪਾਸਪੋਰਟ ਦੇਣ ਉੱਤੇ ਕੋਈ ਇਤਰਾਜ਼ ਨਹੀ ।ਇੱਕ ਸਾਲ ਦੀ ਜੱਦੋ ਜਹਿਦ ਤੋਂ ਬਾਅਦ ਮੈਨੂੰ ਪਾਸ ਪੋਰਟ ਮਿਲਿਆ ਜਿਹੜਾ ਤਿੰਨ ਵਾਰ ਗੀਨਿਊ ਵੀ ਹੋਗਿਆ ਅਤੇ ਉਹਨਾ ਉੱਤੇ ਅਮਰੀਕਾ ਕਨੇਡਾ ਦੇ ਦੋ ਵਾਰ ਦੱਸ ਦੱਸ ਸਾਲ ਦੇ ਵੀਜ਼ੇ ਵੀ ਲੱਗੇ ਹੋਏ ਹਨ ।ਮੁੱਕਦੀ ਗੱਲ ਹੁਣ ਫਿਰ 20 ਅਗਸਤ ਨੂੰ ਮੈਂ ਅਤੇ ਮੇਰੀ ਸਿੰਘਣੀ ਦੇਵਿੰਦਰ ਕੌਰ ਪਾਸਪੋਰਟ ਦਫ਼ਤਰ ਚੰਡੀਗੜ , ਪਾਸਪੋਰਟ ਗੀਨਿਓ ਕਰਾਉਣ ਲਈ ਗਏ ।ਮੇਰੀ ਸਿੰਘਣੀ ਦਾ ਪਾਸਪੋਰਟ ਗੀਨਿਓ ਹੋ ਕੇ ਘਰ ਆ ਗਿਆ ਮੈਨੂੰ ਹਾਲੇ ਪੁਲੀਸ ਵਿਭਾਗ ਅਤੇ ਸੀ ਆਈ ਡੀ ਵਿਭਾਗ ਵਾਰ ਵਾਰ ਪੁੱਛ ਰਿਹਾ ਹੈ ਕਿ ਤੁਹਾਡੇ ਵਿਰੁੱਧ ਜਿਹੜੇ ਕੇਸ ਚੱਲਦੇ ਸੀ ਉਹਨਾ ਦਾ ਕੀ ਬਣਿਆ । ਉਹਨਾ ਕੇਸਾ ਦੀਆ ਜਜਮੈਟ ਕਾਪੀਆਂ ਦਿਓ ।ਮੈਂ ਕਹਿ ਰਿਹਾ ਹਾਂ ਕਿ ਚਾਲੀ ਸਾਲ ਬੀਤ ਗਏ ਹਨ ਮੈਂ ਤੁਹਾਨੂੰ ਹੁਣ ਜਜਮੈਟ ਦੀਆਂ ਕਾਪੀਆਂ ਕਿੱਥੋਂ ਦਿਆ । ਮੈਨੂੰ ਸੱਚੀ ਮੁੱਚੀ ਲੱਗ ਰਿਹਾ ਹੈ ਕਿ ਮੇਰੀ ਕੌਮ ਗੁਲਾਮ ਹੈ ।ਇਹੋ ਜਿਹਾ ਸਲੂਕ ਹੀ ਗੁ.ਲਾਮਾਂ ਨਾਲ ਹੁੰਦਾ ਹੈ । ਮੈਨੂੰ ਲੱਗਦਾ ਹੈ ਕਿ ਹੁਣ ਪਾਸਪੋਰਟ ਗੀਨਿਓ ਕਰਾਉਣ ਲਈ ਵੀ ਇੱਕ ਜੰਗ ਹੋਰ ਲੜਨੀ ਪਵੇਗੀ।


# ਇੰਟਰਨੈਸ਼ਨਲ ਪੰਥਕ ਦਲ ਦੇ ਸਾਰੇ ਅਹੁਦੇਦਾਰ ਤੇ ਵਰਕਰ ਸਾਹਿਬਾਨਾਂ ਨੂੰ

# ★ ਬੇਨਤੀ ★

।ਵਾਹਿਗੁਰੂ ਜੀ ਕਾ ਖਾਲਸਾ।।

।ਵਾਹਿਗੁਰੂ ਜੀ ਕੀ ਫਤਹਿ।।

ਇੰਟਰਨੈਸ਼ਨਲ ਪੰਥਕ ਦਲ ਦੇ ਸਾਰੇ ਅਹੁਦੇਦਾਰ ਤੇ ਵਰਕਰ ਸਾਹਿਬਾਨਾਂ ਨੂੰ ਬੇਨਤੀ ਹੈ ਕਿ ਵੀਹਵੀਂ ਸਦੀ ਦੇ ਮਹਾਨ ਜਰਨੈਲ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਭਤੀਜੇ ਸਾਬਕਾ ਜੱਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਬਾਨੀ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ ਜੀਆਂ ਦੇ ਹੁਕਮ ਅਨੁਸਾਰ ਹਰੇਕ ਮਹੀਨੇ ਜੋ ਗੁਰੂ ਰਾਮਦਾਸ ਸਾਹਿਬ ਮਹਾਰਾਜ ਜੀ ਦੇ ਲੰਗਰਾਂ ਵਿੱਚ ਸੇਵਾ ਕੀਤੀ ਜਾਂਦੀ ਹੈ,ਇਸ ਵਾਰ 5 ਅਕਤੂਬਰ ਦਿਨ ਸ਼ਨੀਵਾਰ ਨੂੰ ਸਵੇਰੇ 9 ਵਜੇ ਗੁਰੂ ਰਾਮਦਾਸ ਸਾਹਿਬ ਜੀ ਮਹਾਰਾਜ ਦੇ ਲੰਗਰਾਂ ਵਿੱਚ ਸੇਵਾ ਕੀਤੀ ਜਾਵੇਗੀ। ਸਾਰੇ ਅਹੁਦੇਦਾਰ ਤੇ ਵਰਕਰ ਸਾਹਿਬਾਨ ਸਮੇਂ ਸਿਰ ਪਹੁੰਚ ਕਰਕੇ ਹੱਥੀਂ ਸੇਵਾ ਕਰਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਜੀ।

ਬੇਨਤੀ ਕਰਤਾ- ਜੱਥੇਦਾਰ ਦਲੀਪ ਸਿੰਘ ਚਕਰ ਆਲ ਇੰਡੀਆ ਕਨਵੀਨਰ ਇੰਟਰਨੈਸ਼ਨਲ ਪੰਥਕ ਦਲ


# ਕੰਗਣਾ ਸਿੱਖਾਂ ਤੇ ਪੰਜਾਬੀਆਂ ਖਿਲਾਫ ਬੋਲਣਾ ਬੰਦ ਕਰੇ : ਜਥੇਦਾਰ ਵਡਾਲਾ



**ਚੰਡੀਗੜ੍ਹ, 4 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਅੱਜ ਇਥੋਂ ਜਾਰੀ ਬਿਆਨ ਵਿੱਚ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਕਨਵੀਨਰ ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਭਾਜਪਾ ਦੀ ਮੈਂਬਰ ਪਾਰਲੀਮੈਂਟ ਕੰਗਣਾ ਰਨੌਤ ਦੇ ਹਰ ਰੋਜ਼ ਇਨਾਮ ਸ਼ਨਾਮ ਬੋਲਣ ਤੇ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ।ਉਹਨਾਂ ਕੰਗਣਾਂ ਨੂੰ ਤਾਕੀਦ ਕਰਦਿਆਂ ਕਿਹਾ ਕਿ ਉਹ ਜਿੱਤ ਤੋਂ ਬਾਅਦ ਆਪਣੇ ਹਲਕੇ ਜਾਂ ਆਪਣੀ ਪਾਰਟੀ ਦੇ ਕੰਮਾਂ ਵੱਲ ਧਿਆਨ ਦੇਵੇ ਨਾ ਕਿ ਸਿੱਖਾਂ ਤੇ ਪੰਜਾਬੀਆਂ ਦੇ ਖਿਲਾਫ ਬੋਲ ਕੇ ਇੱਕ ਨਫਰਤ ਦੀ ਰਾਜਨੀਤੀ ਪੈਦਾ ਕਰੇ।ਉਹਨਾਂ ਭਾਰਤੀ ਜਨਤਾ ਪਾਰਟੀ ਦੀ ਲੀਡਰਸ਼ਿਪ ਨੂੰ ਵੀ ਅਪੀਲ ਕੀਤੀ ਕਿ ਇਹਨਾਂ ਦੀ ਜੁਬਾਨ ਤੇ ਤੁਰੰਤ ਲਗਾਮ ਲਾਉਣ।ਕਿਉਂਕਿ ਇਹਨਾਂ ਦੇ ਅਪ ਸਬਦਾਂ ਕਰਕੇ ਆਪਸੀ ਭਾਈਚਾਰੇ ਵਿੱਚ ਕੁੜੱਤਣ ਫੈਲ ਰਹੀ ਹੈ।ਉਹਨਾਂ ਕਿਹਾ ਕੰਗਣਾ ਨੂੰ ਇਤਿਹਾਸ ਪੜਨਾ ਚਾਹੀਦਾ ਹੈ ਕਿ ਸਿੱਖ ਕੌਮ ਤੇ ਪੰਜਾਬੀ ਹੀ ਹਨ ਜਿਨਾਂ ਦੇ ਸਭ ਤੋਂ ਵੱਧ ਯੋਗਦਾਨ ਕਰਕੇ ਦੇਸ਼ ਅਜ਼ਾਦ ਹੋਇਆ ਹੈ।ਸਾਡੇ ਗੁਰੂ ਸਹਿਬਾਨਾਂ ਦੀ ਕੁਰਬਾਨੀ ਕਰਕੇ ਹੀ ਹੈ ਕਿ ਅੱਜ ਸਾਡੇ ਦੇਸ ਦੇ ਸਾਰੇ ਧਰਮ ਸੁਰੱਖਿਅਤ ਹਨ।ਜੇਕਰ ਗੁਰੂ ਸਹਿਬਾਨ ਆਪਣੀ ਕੁਰਬਾਨੀ ਨਾ ਦਿੰਦੇ ਤਾਂ ਹੋ ਸਕਦਾ ਹੈ ਕਿ ਅੱਜ ਦੇਸ਼ ਦੀ ਦਸ਼ਾ ਹੋਰ ਹੁੰਦੀ।ਸੋ ਜ਼ਾਬਤੇ ਦੀ ਪਾਲਣਾਂ ਕੰਗਣਾ ਵੀ ਕਰੇ ਅਤੇ ਭਾਜਪਾ ਵੀ ਕਰੇ।

# ਸੁੱਚਾ ਸਿੰਘ ਲੰਗਾਹ ਦੀ ਬੇਨਤੀ ਉਪਰੰਤ ਪਾਰਟੀ ਵਿੱਚ ਮੁੜ ਸ਼ਮੂਲੀਅਤ : ਭੂੰਦੜ





**ਚੰਡੀਗੜ੍ਹ, 4 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਸ. ਸੁੱਚਾ ਸਿੰਘ ਲੰਗਾਹ ਵੱਲੋਂ ਬੇਨਤੀ ਦੇ ਰੂਪ ਵਿੱਚ ਇੱਕ ਪੱਤਰ ਮਿਲਿਆ ਹੈ ਜਿਸ ਵਿੱਚ ਉਹਨਾਂ ਇਹ ਗੱਲ ਪਾਰਟੀ ਅੱਗੇ ਰੱਖੀ ਹੈ ਕਿ ਉਹਨਾਂ ਉੱਤੇ ਲਾਏ ਗਏ ਸਾਰੇ ਇਲਜ਼ਾਮਾਂ ਤੋਂ ਅਦਾਲਤ ਨੇ ਉਹਨਾਂ ਨੂੰ ਦੋਸ਼ ਮੁਕਤ (ਬਰੀ) ਕਰਾਰ ਦਿੱਤਾ ਹੈ।ਉਹਨਾਂ ਇਹ ਵੀ ਲਿਖਿਆ ਹੈ ਕਿ ਉਨ੍ਹਾਂ ਦੇ ਵਿਰੋਧੀਆਂ ਵੱਲੋਂ ਇਹ ਮਾਮਲਾ ਖ਼ਾਲਸਾ ਪੰਥ ਦੀ ਸਰਵਉੱਚ ਅਦਾਲਤ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਵੀ ਲਿਜਾਇਆ ਗਿਆ ਸੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸਾਰੀ ਕਾਰਵਾਈ ਉਪਰੰਤ ਹੁਣ ਉਹਨਾਂ ਨੂੰ ਮੁੜ ਖ਼ਾਲਸਾ ਪੰਥ ਵਿੱਚ ਸ਼ਾਮਿਲ ਕੀਤਾ ਜਾ ਚੁੱਕਾ ਹੈ।ਜਦੋਂ ਉਹਨਾਂ ਉੱਤੇ ਦੋਸ਼ ਲੱਗੇ ਸਨ ਤਾਂ ਉਹ ਪਾਰਟੀ ਦੇ ਸਮੂਹ ਅਹੁਦਿਆਂ ਤੋਂ ਤੁਰੰਤ ਮੁਸਤਫ਼ੀ ਹੋ ਗਏ ਸਨ।ਹੁਣ ਆਪਣੇ ਲਿਖ਼ਤੀ ਪੱਤਰ ਵਿੱਚ ਉਹਨਾਂ ਨੇ ਇਹ ਗੱਲ ਕਹੀ ਹੈ ਕਿ ਉਹ ਜੰਮੇ ਵੀ ਅਕਾਲੀ ਸਨ ਅਤੇ ਆਪਣੇ ਆਖਰੀ ਸਾਂਹ ਤੱਕ ਰਹਿਣਗੇ ਵੀ ਅਕਾਲੀ੍ ਉਹਨਾਂ ਨੇ ਪਾਰਟੀ ਦੀ ਸੇਵਾ ਦਾ ਮੌਕਾ ਮੁੜ ਲੈਣ ਲਈ ਸਨਿਮਰ ਬੇਨਤੀ ਵੀ ਕੀਤੀ ਹੈ। ਪਾਰਟੀ ਵੱਲੋਂ ਸ. ਲੰਗਾਹ ਵੱਲੋਂ ਦਿੱਤੀ ਗਈ ਬੇਨਤੀ ਨੂੰ ਉਹਨਾਂ ਵੱਲੋਂ ਪੇਸ਼ ਕੀਤੇ ਗਏ ਤੱਥਾਂ ਦੀ ਰੌਸ਼ਨੀ ਵਿੱਚ ਵਿਚਾਰਨ ਉਪਰੰਤ ਸ. ਸੁੱਚਾ ਸਿੰਘ ਲੰਗਾਹ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਸਧਾਰਣ ਵਰਕਰ ਵਜੋਂ ਮੁੜ ਸੇਵਾ ਕਰਨ ਦਾ ਮੌਕਾ ਦੇਣ ਦਾ ਫੈਸਲਾ ਕੀਤਾ ਗਿਆ ਹੈ।

# ਮੁਜਰਮਾਂ ਨੂੰ ਸਿਆਸੀ ਪਨਾਹ ਕਿਉਂ



ਹਰਿਆਣਾ ਚ ਆਰ ਐੱਸ ਐੱਸ ਦੇ ਸਿਆਸੀ ਵਿੰਗ ਭਾਜਪਾ ਦੇ ਆਗੂ ਖੱਟਰ ਨੂੰ ਚੋਣਾਂ ਜਿਤਾਉਣ ਲਈ ਉਚੇਚੇ ਤੌਰ ਤੇ ਬਲਾਤਕਾਰੀ ਬੇਅਦਬੀ ਦੋਸ਼ੀ ਸਜ਼ਾ ਯਾਫਤਾ ਗੁਰਮੀਤ ਰਾਮ ਰਹੀਮ ਨੂੰ 21ਦਿਨ ਦੀ ਪਰੋਲ ਦੇਕੇ ਜੇਲ ਅੰਦਰੋ ਲਿਆਂਦਾ ਗਿਆ ।ਜਿਸ ਨਾਲ ਆਰ ਐੱਸ ਐੱਸ ਦੀ ਪੋਲ ਪੂਰੀ ਤਰਾ ਨੰਗੀ ਹੋਈ ਹੈ। ਕੀ ਉਹ ਮੁਜਰਮਾਂ ਨੂੰ ਸਿਆਸਤ ਵਿੱਚ ਲਿਆ ਕੇ ,,ਭਾਰਤ ਦੀ ਚੋਣ ਪ੍ਰਣਾਲੀ ਨੂੰ ਦਾਗੀ ਕਰਨ ਤੋ ਬਿਲਕੁਲ ਗੁਰੇਜ ਨਹੀਂ ਕਰਨਗੇ।

ਜੇਕਰ ਅਦਾਲਤਾਂ ਦੇ ਹੁਕਮਾਂ ਨਾਲ ਸਜ਼ਾਵਾਂ ਭੁਗਤ ਰਹੇ ਮੁਜਰਮਾਂ ਨੂੰ ਸਿਆਸਤ ਵਿੱਚ ਪਨਾਹ ਦੇ ਕੇ ਉਹਨਾਂ ਨੂੰ ਸਨਮਾਨਿਤ ਕੀਤੇ ਜਾਣ ਦੀ ਇਹ ਬੀਮਾਰੀ ਹੋਰ ਵੱਧ ਗਈ। ਤਾਂ ਵਿਧਾਨ ਸ਼ਭਾਵਾ ,ਪਾਰਲੀਮੈਂਟ ਅਤੇ ਰਾਜ ਸਭਾ ਦੇ ਨਾਲ ਨਾਲ ਭਾਰਤੀ ਸਵਿਧਾਨ ਵੀ ਕਲਿੰਕਤ ਹੋ ਰਿਹਾ ਹੈ। ਜੇਲਾ ਵਿੱਚੋ ਵੱਡੇ ਵੱਡੇ ਮੁਜਰਮ ਰਾਤੋ ਰਾਤ ਬਾਹਰ ਆਉਂਦੇ ਤੇ ਮੁੜ ਜੁਰਮ ਕਰਕੇ ਜੇਲ ਵਾਪਸ ਚਲੇ ਜਾਂਦੇ ਇਹ ਗਲਾ ਹਿੰਦੀ ਅੰਗਰੇਜ਼ੀ ਫ਼ਿਲਮਾਂ ਚ ਵੇਖਣ ਨੂੰ ਮਿਲਦੀਆਂ ਹੁੰਦੀਆ ਸਨ।

ਅਜ ਸਰੇਆਮ ਸਿਆਸਤ ਚ ਇਹ ਕੁਝ ਹੁੰਦਾ ਪਿਆ ਹੈ। ਅਜਿਹੀਆਂ ਹਰਕਤਾਂ ਨਾਲ ਇਕ ਗਲ ਸਪਸਟ ਹੋ ਗਈ ਕੀ ਲੋਕ ਤੰਤਰ ਦਾ ਦਿਵਾਲਾ ਨਿਕਲ ਚੁੱਕਿਆ ਹੈ। ਸਵਿਧਾਨ ਦੀ ਸੌਗੰਧ ਇਕ ਕਿਸਮ ਨਾਲ ਸਿਰਫ ਜੁਮਲਾ ਬਣ ਗਿਆ ਹੈ। ਇਨਸਾਫ ਪਸੰਦ ਲੋਕਾ ਨੂੰ ਆਰ ਐੱਸ ਐੱਸ ਤੇ ਇਸ ਦੇ ਸਿਆਸੀ ਵਿੰਗ,ਭਾਜਪਾ ਨੂੰ ਸਬਕ ਸਿਖਾਉਣ ਦੀ ਲੋੜ ਹੈ। ਜੇਕਰ ਹੁਣ ਨਾ ਜਾਗੇ ਤਾਂ ਫਿਰ ਦੇਰ ਹੋ ਜਾਵੇਗੀ। ਇਸ ਲਈ ਮੁਜਰਮਾਂ ਨੂੰ ਸਿਆਸੀ ਪਨਾਹ ਦੇਣ ਦਾ ਹਰੇਕ ਇਨਸਾਫ ਪਸੰਦ ਵਿਰੋਧ ਕਰੇ।

**-ਪ੍ਰਿੰਸੀਪਲ ਪਰਵਿੰਦਰ ਸਿੰਘ ਖਾਲਸਾ ਚੀਫ਼ ਐਡੀਟਰ ਸ੍ਰੋਮਣੀ ਗੁਰਮਤਿ ਚੇਤਨਾ**


ਅੰਤਰਰਾਸ਼ਟਰੀ ਪੰਥਕ ਕਾਨਫਰੰਸ
ਐਤਵਾਰ 6 ਅਕਤੂਬਰ 2024
ਗੁਰਦੁਆਰਾ ਸਿੱਖ ਸੈਂਟਰ ਫਰੈਂਕਫਰਟ
ਭਾਈ ਜੋਗਾ ਸਿੰਘ ਯੂ ਕੇ
ਡਾ: ਅਮਰਜੀਤ ਸਿੰਘ ਯੂ ਐਸ ਏ
ਡਾ: ਇਕਤਦਾਰ ਚੀਮਾ ਯੂ ਐਸ ਏ
ਭਾਈ ਮਨਬੀਰ ਸਿੰਘ ਸੰਧੂ ਕੈਨੇਡਾ
ਭਾਈ ਹਿੰਮਤ ਸਿੰਘ ਯੂ ਐਸ ਏ
ਭਾਈ ਗੁਰਪ੍ਰੀਤ ਸਿੰਘ ਯੂ ਕੇ
ਭਾਈ ਮਨਪ੍ਰੀਤ ਸਿੰਘ ਯੂ ਕੇ
ਭਾਈ ਗੁਰਬਿੰਦਰ ਸਿੰਘ ਆਸਟਰੇਲੀਆ
ਵਰਲਡ ਸਿੱਖ ਪਾਰਲੀਮੈਂਟ ਦੇ ਪੰਜਵੇ ਸਾਲਾਨਾ ਜਨਰਲ ਇਜਲਾਸ ਮੌਕੇ ਗੁਰਦੁਆਰਾ ਸਿੱਖ ਸੈਂਟਰ ਫਰੈਂਕਫਰਟ ਵਿਖੇ ਐਤਵਾਰ 6 ਅਕਤੂਬਰ 2024 ਨੂੰ ਇੱਕ ਅੰਤਰਰਾਸ਼ਟਰੀ ਪੰਥਕ ਕਾਨਫਰੰਸ ਆਯੋਜਿਤ ਕੀਤੀ ਜਾ ਰਹੀ ਹੈ ਜਿਸ ਵਿੱਚ ਦੇਸ਼ ਵਿਦੇਸ਼ ਤੋਂ ਪੁੱਜੀਆਂ ਅਹਿਮ ਸ਼ਖਸੀਅਤਾਂ ਅਤੇ ਬੁਲਾਰੇ ਜਰਮਨ ਦੀਆਂ ਸੰਗਤਾਂ ਨਾਲ ਆਪਣੇ ਵਿਚਾਰ ਸਾਂਝੇ ਕਰਨਗੇ। ਸਮੂਹ ਸੰਗਤਾਂ ਨੂੰ ਇਸ ਕਾਨਫਰੰਸ ਵਿੱਚ ਵਧ ਚੜ੍ਹ ਕੇ ਸ਼ਾਮਲ ਹੋਣ ਦੀ ਬੇਨਤੀ ਹੈ ।
SILOSTRASSE 64, 65929 FRANKFURT AM MAIN, GERMANY
5TH ANNUAL GENERAL SESSION GERMANY
ਵਰਲਡ ਸਿੱਖ ਪਾਰਲੀਮੈਂਟ
WORLD SIKH PARLIAMENT
ਬੇਨਤੀ ਕਰਤਾ : ਭਾਈ ਗੁਰਚਰਨ ਸਿੰਘ (+49 177 5031568), ਭਾਈ ਗੁਰਪਾਲ ਸਿੰਘ ਪਾਲਾ, ਭਾਈ ਜਤਿੰਦਰ ਸਿੰਘ
ਆਵਾਜ਼ਿ ਕੌਮ AWAZE QAUM
International Newspaper & WEB TV

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



# ਜੋੜ ਮੇਲਾ ਬੀੜ ਬਾਬਾ ਬੁੱਢਾ ਸਾਹਿਬ

ਜੋੜ ਮੇਲਾ ਬੀੜ ਬਾਬਾ ਬੁੱਢਾ ਸਾਹਿਬ ਜੀ (ਅੰਮ੍ਰਿਤਸਰ ਸਾਹਿਬ) ਜੀ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ।

ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਗੁਰਮੁੱਖ ਪਰਿਵਾਰ ਭਾਈ ਅਮਰਜੀਤ ਸਿੰਘ ਕਾਜਲਮੋਰਾਨੋ ਵੱਲੋਂ ਲਈ ਗਈ ਹੈ।

**ਸ਼ਨਿੱਚਰਵਾਰ 5 ਅਕਤੂਬਰ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸਜਣਗੇ।**

ਐਤਵਾਰ 6 ਅਕਤੂਬਰ 2024 ਨੂੰ 6:30 ਵਜੇ ਸਵੇਰੇ ਚੋਪਹਿਰੇ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 9:30 ਵਜੇ ਭੋਗ ਪੈਣਗੇ ਉਪੰਰਤ 12:30 ਵਜੇ ਤੱਕ ਦੀਵਾਨ ਸਜਣਗੇ।

ਕੀਰਤਨ ਜਥਾ ਗਿਆਨੀ ਗੁਰਸ਼ਰਨ ਸਿੰਘ ਯੂ ਕੇ ਵਾਲੇ ਕੀਰਤਨ ਅਤੇ ਕਥਾ ਰਾਹੀਂ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

**ਗੁਰੂ ਕਾ ਲੰਗਰ ਅਤੁੱਟ ਵਰਤੇਗਾ**

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

## ★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**

**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778

ਭਾਈ ਬਲਰਾਮ ਸਿੰਘ +393885751594

ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸ਼ੇਅਰ ਜ਼ਰੂਰੀ ਕਰਨਾ ਜੀ ☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ। ☛ ਆਪਣਾ ਕੀਮਤੀ ਸਮਾਂ ਕੱਢਕੇ ਸਮਾਗਮਾ ਵਿਚ ਪੁਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

**Gurdwara Sahib Shaeed Baba Deep Singh ji Damdami Taksaal**

Via Giacomo Matteotti 3Cap

26020Casalmorano Cremona (IT)

E-mail : gur.damdamitaksaalitaly@gmail.com

Call+393475711755 / 3208124778

# ਸ਼੍ਰੀ ਹਰਿਮੰਦਰ ਸਾਹਿਬ ਦੇ ਪਹਿਲੇ ਗ੍ਰੰਥੀ-ਬਾਬਾ ਬੁੱਢਾ ਜੀ



**ਗੁਰੂ ਘਰ** ਦੇ ਸੇਵਕ ਬਾਬਾ ਬੁੱਢਾ ਜੀ ਦਾ ਜਨਮ 22 ਅਕਤੂਬਰ 1506 ਈ: ਮੁਤਾਬਕ 7 ਕੱਤਕ ਸੰਮਤ 1563 ਬਿਕਰਮੀ ਨੂੰ ਪਿਤਾ ਭਾਈ ਸੁੱਖੇ ਰੰਧਾਵੇ ਦੇ ਘਰ ਮਾਤਾ ਗੋਰਾਂ ਜੀ ਦੀ ਕੁੱਖ ਤੋਂ ਪਿੰਡ ਕੱਥੂਨੰਗਲ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਸੁੱਘੇ ਰੰਧਾਵੇ ਦੇ ਘਰ ਮਾਤਾ ਗੌਰਾਂ ਦੇ ਉਦਰ ਤੋਂ 7 ਕੱਤਕ ਸੰਮਤ 1563 ਨੂੰ ਕੱਥੂਨੰਗਲ ਪਿੰਡ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਬਾਬਾ ਬੁੱਢਾ ਜੀ ਦਾ ਜਨਮ ਹੋਇਆ। ਮਾਤਾ-ਪਿਤਾ ਨੇ ਆਪ ਦਾ ਨਾਮ ਬੂੜਾ ਰੱਖਿਆ। ਕੁਝ ਸਮੇਂ ਬਾਅਦ ਆਪ ਦੇ ਮਾਤਾ-ਪਿਤਾ ਦਰਿਆ ਰਾਵੀ ਦੇ ਕੰਢੇ 'ਤੇ ਵਸੇ ਇੱਕ ਪਿੰਡ ਰਮਦਾਸ ਵਿਖੇ ਜਾ ਕੇ ਆਬਾਦ ਹੋ ਗਏ ਸਨ। ਇਸੇ ਹੀ ਪਿੰਡ ਦੀ ਇੱਕ ਜੂਹ ਵਿੱਚ ਮੱਝਾਂ ਚਾਰਦਿਆਂ ਬਾਬਾ ਜੀ ਦਾ ਮੇਲ 1518 ਈ: (ਸੰਮਤ 1575) ਵਿੱਚ ਜਗਤ ਗੁਰੂ, ਗੁਰੂ ਨਾਨਕ ਸਾਹਿਬ ਨਾਲ ਹੋਇਆ। ਉਸ ਸਮੇਂ ਬਾਬਾ ਜੀ ਦੀ ਉਮਰ 12 ਸਾਲ ਸੀ। ਬਾਬਾ ਬੁੱਢਾ ਜੀ ਸਦਾ ਵਾਸਤੇ ਗੁਰੂ ਘਰ ਨਾਲ ਜੁੜ ਗਏ। ਗੁਰੂ ਜੀ ਦੇ ਦਰਸ਼ਨ ਕਰਦਿਆਂ ਹੀ ਉਹਨਾਂ ਦੀ ਆਤਮਾ ਵਿੱਚ ਪਰਮਾਤਮਾ ਦੀ ਜੋਤ ਦਾ ਪ੍ਰਕਾਸ਼ ਹੋ ਗਿਆ। ਗੁਰੂ ਨਾਨਕ ਦੀ ਸੰਗਤ ਕਰਨ ਤੋਂ ਬਾਅਦ ਆਪ ਦਾ ਨਾਮ ਬਾਬਾ ਬੁੱਢਾ ਪ੍ਰਸਿੱਧ ਹੋ ਗਿਆ ਸੀ।

ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਗੁਰੂ ਨਾਨਕ ਦੇਵ ਜੀ ਜਦ ਵਿਚਰਦੇ ਹੋਏ 'ਬੂੜਾ' ਦੇ ਪਿੰਡ ਵੱਲ ਆਏ ਤਦ ਇਹ ਪਸ਼ੂ ਚਾਰਦੇ ਹੋਏ ਪ੍ਰੇਮ ਭਾਵ ਨਾਲ ਗੁਰੂ ਸਾਹਿਬ ਜੀ ਦੀ ਸੇਵਾ ਵਿੱਚ ਦੁੱਧ ਲੈ ਕੇ ਹਾਜ਼ਰ ਹੋਏ ਅਤੇ ਵਿਵੇਕ ਵੈਰਾਗ

ਆਵਾਜ਼ਿ ਕੌਮ
AWAZE QAUM
International Newspaper & WEB TV

ਦੀਆਂ ਗੱਲਾਂ ਸੁਣਾਈਆਂ। ਸਤਿਗੁਰੂ ਨੇ ਫ਼ਰਮਾਇਆ ਕਿ ਭਾਵੇਂ ਤੇਰੀ ਉਮਰ ਛੋਟੀ ਹੈ ਪਰ ਸਮਝ ਕਰਕੇ ਬੁੱਢਾ ਹੈਂ, ਉਸ ਦਿਨ ਤੋਂ ਬਾਅਦ ਨਾਮ 'ਬੁੱਢਾ' ਪ੍ਰਸਿੱਧ ਹੋ ਗਿਆ।

ਬਾਬਾ ਬੁੱਢਾ ਜੀ ਆਪਣੇ ਘਰ-ਪਰਿਵਾਰ ਨੂੰ ਤਿਆਗ ਕੇ ਕਰਤਾਰਪੁਰ ਗੁਰੂ ਘਰ ਦੀ ਸੇਵਾ ਵਿੱਚ ਜੁੜ ਗਏ। ਗੁਰੂ ਘਰ ਦੀ ਸੇਵਾ ਕਰਦਿਆਂ ਕਾਫ਼ੀ ਸਮਾਂ ਲੰਘ ਗਿਆ। ਬਾਬਾ ਜੀ ਗ੍ਰਹਿਸਤ ਜੀਵਨ ਧਾਰਨ ਨਹੀਂ ਕਰਨਾ ਚਾਹੁੰਦੇ ਸਨ ਪਰ ਮਾਤਾ-ਪਿਤਾ ਦੀਆਂ ਇਛਾਵਾਂ ਤੇ ਆਗਿਆ ਦਾ ਸਤਿਕਾਰ ਕਰਦਿਆਂ 1523 ਈ: 15 ਫੱਗਣ ਸੰਮਤ 1580 ਬਿਕਰਮੀ ਨੂੰ ਆਪ ਦਾ ਵਿਆਹ ਪਿੰਡ ਅੱਚਲ ਬਟਾਲੇ ਵਿੱਚ ਸਮਰਾਹ ਗੋਤ ਦੀ ਸਪੁੱਤਰੀ ਬੀਬੀ 'ਮਿਰੋਆ' ਨਾਲ ਹੋਇਆ। ਆਪ ਦੇ ਘਰ ਚਾਰ ਪੁੱਤਰ ਭਾਈ ਸੁਧਾਰੀ, ਭਾਈ ਭਿਖਾਰੀ, ਭਾਈ ਮਹਿਮੂ ਤੇ ਭਾਈ ਭਾਨਾ ਜੀ ਹੋਏ। ਕੁਝ ਸਮਾਂ ਪਰਿਵਾਰ ਨਾਲ ਬਿਤਾ ਕੇ ਬਾਬਾ ਜੀ ਗੁਰੂ ਦੀ ਸੇਵਾ ਵਿੱਚ ਲੱਗ ਗਏ। ਸੇਵਾ ਵਿੱਚ ਹੀ ਆਪਾ ਵਲੀਨ ਕਰ ਛੱਡਿਆ।

ਜਦੋਂ ਗੁਰੂ ਨਾਨਕ ਦੇਵ ਜੀ ਦਾ ਸੱਚ-ਖੰਡ ਵਾਪਸੀ ਦਾ ਸਮਾਂ ਨੇੜੇ ਆ ਗਿਆ ਤਾਂ ਉਸ ਸਮੇਂ ਉਹਨਾਂ ਬਾਬਾ ਬੁੱਢਾ ਜੀ ਪਾਸੋਂ ਭਾਈ ਲਹਿਣਾ ਨੂੰ ਗੁਰਿਆਈ ਦਾ ਤਿਲਕ ਲਗਵਾਇਆ। ਗੁਰੂ ਨਾਨਕ ਦੇਵ ਜੀ ਨੇ ਉਹਨਾਂ ਨੂੰ ਆਪਣਾ ਅੰਗ ਜਾਣ ਗੁਰੂ ਅੰਗਦ ਬਣਾ ਦਿੱਤਾ ਤੇ ਆਪ ਗੁਰੂ ਜੋਤ (ਗੁਰੂ ਅੰਗਦ ਦੇਵ ਜੀ) ਨੂੰ ਮੱਥਾ ਟੇਕਿਆ। ਗੁਰੂ ਘਰ ਵੱਲੋਂ ਬਾਬਾ ਬੁੱਢਾ ਜੀ ਦੁਆਰਾ ਕਰਵਾਇਆ ਗਿਆ ਇਹ ਪਹਿਲਾ ਮਹੱਤਵਪੂਰਨ ਕਾਰਜ ਸੀ।

ਗੁਰੂ ਅੰਗਦ ਦੇਵ ਜੀ ਵੱਲੋਂ ਗੁਰੂ ਨਾਨਕ ਦੇ ਹੁਕਮ ਦੀ ਪਾਲਣਾ ਕਰਦਿਆਂ ਖਡੂਰ ਸਾਹਿਬ ਵਿਖੇ ਧਰਮਸਾਲਾ ਸਥਾਪਿਤ ਕੀਤੀ। ਜਦੋਂ ਗੁਰੂ ਅੰਗਦ ਸਾਹਿਬ ਖਡੂਰ ਸਾਹਿਬ ਵਿਖੇ ਇੱਕ ਬੁੱਢੀ ਮਾਈ ਭਰਾਈ ਦੇ ਘਰ ਇਕਾਂਤਵਾਸ ਵਿੱਚ ਰਹਿਣ ਲੱਗ ਪਏ ਤਾਂ ਉਦੋਂ ਸਿੱਖ ਸੰਗਤਾਂ ਕਰਤਾਰਪੁਰ ਤੋਂ ਖਡੂਰ ਸਾਹਿਬ ਆਉਂਦੀਆਂ ਅਤੇ ਗੁਰੂ ਸਾਹਿਬ ਦਾ ਕੋਈ ਪਤਾ ਨਾ ਮਿਲਣ ਤੇ ਨਿਰਾਸ਼ ਹੋ ਕੇ ਮੁੜ ਜਾਂਦੀਆਂ। ਕੁਝ ਮਹੀਨੇ ਇਸ ਤਰ੍ਹਾਂ ਬੀਤ ਜਾਣ ਤੋਂ ਬਾਅਦ ਕੁਝ ਪ੍ਰਮੁੱਖ ਸਿੱਖਾਂ ਨੇ ਬਾਬਾ ਬੁੱਢਾ ਜੀ ਕੋਲ ਜਾਕੇ ਬੇਨਤੀ ਕੀਤੀ ਕਿ ਗੁਰੂ ਜੀ ਦੀ ਭਾਲ ਕਰਕੇ ਉਹਨਾਂ ਨੂੰ ਸਿੱਖ ਪੰਥ ਦੀ ਅਗਵਾਈ ਦਾ ਰਾਹ ਸੰਭਾਲਣ ਲਈ ਬੇਨਤੀ ਕੀਤੀ ਜਾਵੇ। ਬਾਬਾ ਬੁੱਢਾ ਜੀ ਸੰਗਤਾਂ ਨੂੰ ਨਾਲ ਲੈ ਕੇ ਮਾਈ ਭਿਰਾਈ ਦੇ ਘਰ ਗਏ। ਬਾਬਾ ਜੀ ਨੇ ਸੰਗਤਾਂ ਨੂੰ ਗੁਰੂ ਜੀ ਨਾਲ ਮਿਲਾਇਆ। ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਲਿਪੀ ਵਿੱਚ ਸੁਧਾਈ ਕਰਕੇ ਇਸ ਨੂੰ ਸਰਲ ਬਣਾਇਆ। ਬਾਬਾ ਬੁੱਢਾ ਜੀ ਨੇ ਸਿੱਖ ਸੰਗਤਾਂ ਨੂੰ ਗੁਰਮੁਖੀ ਪੜ੍ਹਾਉਣ ਦੀ ਸੇਵਾ ਵੀ ਕੀਤੀ। ਗੁਰੂ ਅੰਗਦ ਦੇਵ ਜੀ ਜਦੋਂ ਕਈ-ਕਈ ਦਿਨ ਸਮਾਧੀ ਸਥਿਤ ਰਹਿੰਦੇ ਸਨ ਤਾਂ ਬਾਬਾ ਬੁੱਢਾ ਜੀ ਅਤੇ ਮਾਤਾ ਖੀਵੀ ਜੀ ਲੰਗਰ ਦਾ ਪ੍ਰਬੰਧ ਕਰਦੇ। ਜਦੋਂ ਗੁਰੂ ਅੰਗਦ ਦੇਵ ਜੀ ਨੇ ਆਪਣਾ ਅੰਤਿਮ ਸਮਾਂ ਨੇੜੇ ਆਉਂਦਾ ਦੇਖਿਆ ਤਾਂ ਉਹਨਾਂ ਅਮਰਦਾਸ ਜੀ ਦੀ ਸਿੱਖੀ ਵਿੱਚ ਸ਼ਰਧਾ, ਪ੍ਰੇਮ, ਸੇਵਾ ਤੇ ਕੁਰਬਾਨੀ ਦੇ ਪੁੰਜ ਨੂੰ ਗੁਰਗੱਦੀ ਦੀ ਜ਼ੁੰਮੇਵਾਰੀ ਸੌਂਪ ਕੇ ਬਾਬਾ ਬੁੱਢਾ ਜੀ ਤੋਂ ਗੁਰਿਆਈ ਦਾ ਤਿਲਕ ਲਗਵਾਇਆ।

ਗੁਰੂ ਅਮਰਦਾਸ ਜੀ ਨੇ ਗੁਰਗੱਦੀ ਮਿਲਣ ਤੋਂ ਬਾਅਦ ਖਡੂਰ ਸਾਹਿਬ ਨੂੰ ਛੱਡ ਕੇ ਗੋਇੰਦਵਾਲ ਨੂੰ ਸਿੱਖੀ ਦੇ ਪ੍ਰਚਾਰ ਦਾ ਕੇਂਦਰ ਬਣਾਇਆ। ਗੁਰੂ ਅੰਗਦ ਸਾਹਿਬ ਦੇ ਸਪੁੱਤਰ ਦਾਤੂ ਜੀ ਗੁਰਗੱਦੀ ਨਾ ਮਿਲਣ ਕਰਕੇ ਗੁਰੂ ਅਮਰਦਾਸ ਜੀ ਨਾਲ ਈਰਖਾ ਕਰਨ ਲੱਗੇ। ਗੁਰੂ ਅਮਰਦਾਸ ਜੀ ਸ਼ਾਂਤ ਸੁਭਾਅ ਦੇ ਸਨ। ਉਹ ਗੋਇੰਦਵਾਲ ਛੱਡ ਕੇ ਚੁੱਪ-ਚਾਪ ਆਪਣੇ ਜੱਦੀ ਪਿੰਡ ਬਾਸਰਕੇ ਆ ਗਏ ਤੇ ਪਿੰਡ ਦੇ ਬਾਹਰ ਇੱਕ ਕੋਠੇ ਵਿੱਚ ਵੜ ਕੇ ਬੂਹਾ (ਦਰਵਾਜ਼ਾ) ਬੰਦ ਕਰਕੇ ਬੈਠ ਗਏ। ਦਰਵਾਜ਼ੇ ਦੇ ਬਾਹਰ ਲਿਖ ਦਿੱਤਾ ਕਿ ਜੋ ਦਰਵਾਜ਼ਾ ਖੋਲ੍ਹੇਗਾ ਉਹ ਸਾਡਾ ਸਿੱਖ ਨਹੀਂ। ਗੋਇੰਦਵਾਲ ਸਾਹਿਬ ਵਿਖੇ ਸੰਗਤਾਂ ਗੁਰੂ ਦਰਸ਼ਨਾਂ ਲਈ ਹੁੰਮ-ਹੁੰਮਾ ਕੇ ਆਉਂਦੀਆਂ। ਜਦੋਂ ਗੁਰੂ ਸਾਹਿਬ ਦੇ ਦਰਸ਼ਨ ਨਾ ਹੋਏ ਤਾਂ ਸੰਗਤਾਂ ਨੇ ਬਾਬਾ ਬੁੱਢਾ ਜੀ ਨੂੰ ਗੁਰੂ ਸਾਹਿਬ ਦੀ ਭਾਲ ਕਰਨ ਲਈ ਬੇਨਤੀ ਕੀਤੀ। ਬਾਬਾ ਜੀ ਸੰਗਤਾਂ ਨੂੰ ਲੈ ਕੇ ਪਿੰਡ ਬਾਸਰਕੇ ਆਏ। ਉਸ ਕੋਠੇ ਦੇ ਬਾਹਰ ਆ ਕੇ ਖੜ੍ਹੇ ਹੋ ਗਏ। ਜਿਸ ਵਿੱਚ ਗੁਰੂ ਸਾਹਿਬ ਨੇ ਡੇਰਾ ਲਾਇਆ ਹੋਇਆ ਸੀ। ਬਾਬਾ ਬੁੱਢਾ ਜੀ ਗੁਰੂ ਹੁਕਮ ਦੀ ਅਵੱਗਿਆ ਵੀ ਨਹੀਂ ਕਰਨਾ ਚਾਹੁੰਦੇ ਸਨ। ਉਹਨਾਂ ਕਾਫ਼ੀ ਸੋਚ-ਵਿਚਾਰ ਤੋਂ ਬਾਅਦ ਕੋਠੇ ਦੇ ਪਿਛਲੇ ਪਾਸੇ ਤੋਂ ਕੰਧ ਨੂੰ ਸੰਨ੍ਹ ਲਾਈ ਤੇ ਅੰਦਰ ਜਾ ਕੇ ਗੁਰੂ ਸਾਹਿਬ ਨੂੰ ਮੱਥਾ ਟੇਕਿਆ। ਗੁਰੂ ਜੀ, ਬਾਬਾ ਬੁੱਢਾ ਜੀ ਦੀ ਸ਼ਰਧਾ ਤੇ ਸੰਗਤਾਂ ਦੀ ਬਿਹਬਲਤਾ, ਉਦਾਸੀ ਤੋਂ ਬਹੁਤ ਪ੍ਰਭਾਵਿਤ ਹੋਏ। ਬਾਬਾ ਬੁੱਢਾ ਜੀ ਦੇ ਬਚਨਾਂ ਨੂੰ ਨਾ ਟਾਲ ਸਕਣ ਕਾਰਨ ਹੀ ਗੁਰੂ ਸਾਹਿਬ ਕੋਠੇ ਵਿੱਚੋਂ ਬਾਹਰ ਆ ਕੇ ਗੋਇੰਦਵਾਲ ਸਾਹਿਬ ਜਾ ਕੇ ਸਿੱਖੀ ਦੇ ਕਾਰਜ ਕਰਨ ਲੱਗੇ।

## 5 ਤੋਂ 7 ਅਕਤੂਬਰ ਤੱਕ ਜੋੜ-ਮੇਲੇ 'ਤੇ ਵਿਸ਼ੇਸ਼

ਗੁਰੂ ਅਮਰਦਾਸ ਜੀ ਨੇ ਬਾਹਰ ਆ ਕੇ ਜਦ ਵੇਖਿਆ ਕਿ ਊਚ-ਨੀਚ ਤੇ ਛੂਤ-ਛਾਤ ਕਾਰਨ ਮਨੁੱਖ, ਮਨੁੱਖ ਨੂੰ ਨਫ਼ਰਤ ਕਰਦਾ ਹੈ ਤਾਂ ਉਹਨਾਂ ਦੇ ਹੱਲ ਲਈ ਬਾਉਲੀ ਬਣਾਉਣੀ ਚਾਹੀ। ਗੁਰੂ ਜੀ ਨੇ ਬਾਉਲੀ ਦਾ ਟੱਕ 1552 ਈ: ਵਿੱਚ ਬਾਬਾ ਬੁੱਢਾ ਜੀ ਪਾਸੋਂ ਲਗਵਾਇਆ। ਗੁਰੂ ਅਮਰਦਾਸ ਜੀ ਨੇ ਸਿੱਖੀ ਦੇ ਪ੍ਰਚਾਰ ਖੇਤਰ ਨੂੰ ਵਧਾਉਣ ਹਿੱਤ 22 ਮੰਜੀਆਂ ਦੀ ਅਸਥਾਪਨਾ ਕੀਤੀ। ਇਸ ਮੰਜੀ ਪ੍ਰਥਾ ਦੇ ਮੁੱਖ ਪ੍ਰਬੰਧਕ ਬਾਬਾ ਬੁੱਢਾ ਜੀ ਸਨ। ਅਕਬਰ ਬਾਦਸ਼ਾਹ ਜਦ ਪਹਿਲੀ ਵਾਰ ਗੁਰੂ ਦਰਸ਼ਨਾਂ ਲਈ ਗੁਰੂ ਦਰਬਾਰ ਵਿੱਚ ਹਾਜ਼ਰ ਹੋਇਆ ਤਾਂ ਬਾਬਾ ਬੁੱਢਾ ਜੀ ਨੇ ਉਸ ਨੂੰ ਨਿਰਮਲ ਪੰਥ ਦੀ ਮਰਯਾਦਾ ਤੋਂ ਜਾਣੂ ਕਰਵਾਇਆ ਸੀ। ਅਕਬਰ ਬਾਦਸ਼ਾਹ ਗੁਰੂ ਕਾ ਲੰਗਰ ਵਿੱਚ ਕੜਾਹ-ਪ੍ਰਸ਼ਾਦ ਤੇ ਲੰਗਰ ਛਕ ਕੇ ਪ੍ਰਸੰਨ ਹੋਇਆ। ਬਾਬਾ ਬੁੱਢਾ ਜੀ ਤੋਂ ਲੰਗਰ ਦੀ ਮਹਿਮਾ ਸੁਣ ਕੇ 12 ਪਿੰਡਾਂ ਦਾ ਪਟਾ ਲਿਖਵਾ ਕੇ ਗੁਰੂ ਜੀ ਦੀ ਭੇਟਾ ਕੀਤਾ ਪਰ ਗੁਰੂ ਸਾਹਿਬ ਨੇ ਲੈਣ ਤੋਂ ਨਾਂਹ ਕਰ ਦਿੱਤੀ।

ਗੁਰੂ ਅਮਰਦਾਸ ਜੀ ਨੇ ਆਪ ਥਾਂ ਪਸੰਦ ਕਰਕੇ 'ਗੁਰੂ ਕਾ ਚੱਕ' ਵਸਾਉਣ ਦੀ ਜ਼ੁੰਮੇਵਾਰੀ ਰਾਮਦਾਸ ਜੀ ਨੂੰ ਸੌਂਪੀ। ਕਾਰ-ਸੇਵਾ ਦਾ ਮੁਖੀ ਬਾਬਾ ਬੁੱਢਾ ਜੀ ਨੂੰ ਬਣਾਇਆ ਗਿਆ। ਗੁਰੂ ਅਮਰਦਾਸ ਜੀ ਨੇ ਸੱਚ-ਖੰਡ ਵਾਪਸੀ ਦਾ ਸਮਾਂ ਨੇੜੇ ਆ ਗਿਆ ਜਾਣ ਕੇ ਨਿਸ਼ਕਾਮ ਸੇਵਕ (ਗੁਰੂ) ਰਾਮਦਾਸ ਜੀ ਅੱਗੇ ਪੰਜ ਪੈਸੇ ਤੇ ਨਾਰੀਅਲ ਰੱਖ ਕੇ ਮੱਥਾ ਟੇਕਿਆ ਤੇ ਆਪਣੇ ਅਸਥਾਨ 'ਤੇ ਬਿਠਾਇਆ। ਬਾਬਾ ਬੁੱਢਾ ਜੀ ਪਾਸੋਂ ਗੁਰਿਆਈ ਦਾ ਤਿਲਕ ਲਵਾਇਆ। ਕੁਝ ਸਮੇਂ ਪਿੱਛੋਂ ਗੁਰੂ ਅਮਰਦਾਸ ਜੀ ਜੋਤੀ-ਜੋਤਿ ਸਮਾ ਗਏ। ਗੁਰੂ ਅਮਰਦਾਸ ਜੀ ਦੀਆਂ ਅੰਤਿਮ ਰਸਮਾਂ ਬਾਬਾ ਬੁੱਢਾ ਜੀ ਨੇ ਆਪਣੇ ਹੱਥੀਂ ਕੀਤੀਆਂ।

ਗੁਰੂ ਰਾਮਦਾਸ ਜੀ ਨੇ ਰਾਮਦਾਸਪੁਰ ਦੀ ਸਥਾਪਨਾ ਕਰਕੇ-ਅੰਮ੍ਰਿਤ ਸਰੋਵਰ ਦਾ ਟੱਕ ਲਗਵਾ ਕੇ ਬਾਬਾ ਬੁੱਢਾ ਜੀ ਨੂੰ ਇਸ ਮਹਾਨ ਕਾਰ-ਸੇਵਾ ਦਾ ਕੰਮ ਸੌਂਪਿਆ। ਜਿਸ ਥਾਂ ਤੇ ਬੈਠ ਕੇ ਬਾਬਾ ਬੁੱਢਾ ਜੀ ਪਵਿੱਤਰ ਸਰੋਵਰ ਦੀ ਸੇਵਾ ਕਰਵਾਇਆ ਕਰਦੇ ਸਨ। ਉਹ ਬੇਰੀ ਸ਼੍ਰੀ ਦਰਬਾਰ ਸਾਹਿਬ ਦੀ ਪਰਕਰਮਾ ਵਿੱਚ 'ਬੇਰ ਬਾਬਾ ਬੁੱਢਾ ਜੀ' ਦੀ ਇਤਿਹਾਸਿਕ ਯਾਦ ਵਜੋਂ ਅੱਜ ਵੀ ਮੌਜੂਦ (ਸੁਰੱਖਿਅਤ) ਹੈ। ਗੁਰੂ ਰਾਮਦਾਸ ਜੀ ਨੇ ਪਹਿਲੇ ਗੁਰੂ ਸਾਹਿਬਾਨ ਦੀਆਂ ਕਾਇਮ ਕੀਤੀਆਂ ਰਵਾਇਤਾਂ ਅਨੁਸਾਰ ਆਪ (ਗੁਰੂ) ਅਰਜਨ ਦੇਵ ਜੀ ਨੂੰ ਗੁਰਗੱਦੀ ਦੀ ਜ਼ੁੰਮੇਵਾਰੀ ਸੌਂਪ ਕੇ ਬਾਬਾ ਬੁੱਢਾ ਜੀ ਪਾਸੋਂ ਤਿਲਕ ਦੀ ਰਸਮ ਕਰਵਾਈ ਤੇ ਉਸੇ ਦਿਨ ਗੁਰੂ ਰਾਮਦਾਸ ਜੀ ਜੋਤੀ-ਜੋਤਿ ਸਮਾਏ। ਗੁਰੂ ਜੀ ਦੇ ਅੰਤਿਮ ਸਸਕਾਰ ਦੀਆਂ ਜ਼ੁੰਮੇਵਾਰੀਆਂ ਵੀ ਬਾਬਾ ਬੁੱਢਾ ਜੀ ਨੇ ਨਿਭਾਈਆਂ।

ਗੁਰੂ ਅਰਜਨ ਦੇਵ ਜੀ ਨੇ ਸ਼੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਦੇ ਕੰਮ ਦੀ ਕਾਰ-ਸੇਵਾ ਦਾ ਸਮੁੱਚਾ ਪ੍ਰਬੰਧ ਬਾਬਾ ਬੁੱਢਾ ਜੀ ਨੂੰ ਸੰਭਾਲ ਦਿੱਤਾ। ਬਾਬਾ ਬੁੱਢਾ ਜੀ ਅੰਮ੍ਰਿਤ ਸਰੋਵਰ ਦੇ ਕੰਢੇ ਬੇਰੀ ਹੇਠ ਬੈਠ ਕੇ ਸਾਰੇ ਕੰਮ ਨੂੰ ਆਪਣੀ ਦੇਖ-ਰੇਖ ਵਿੱਚ ਕਰਵਾਉਂਦੇ। ਬਾਬਾ ਬੁੱਢਾ ਜੀ ਨੇ ਲਾਹੌਰ ਦੇ ਹਾਕਮ ਵਜ਼ੀਰ ਖਾਂ ਦਾ ਰੋਗ ਦੂਰ ਕੀਤਾ। ਬਾਬਾ ਬੁੱਢਾ ਜੀ ਨੇ ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾ ਪ੍ਰਿਥੀ ਚੰਦ ਵੱਲੋਂ ਕੀਤੇ ਹਰ ਹਮਲੇ ਨੂੰ ਅਸਫਲ ਬਣਾਇਆ। ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਵਾ ਕੇ ਸੰਮਤ 1661 ਬਿਕਰਮੀ, ਸੰਨ 1604 ਈ: ਵਿੱਚ ਸ਼੍ਰੀ ਹਰਿਮੰਦਰ ਸਾਹਿਬ ਵਿੱਚ 'ਆਦਿ ਗ੍ਰੰਥ' ਦਾ ਪਹਿਲਾ ਪ੍ਰਕਾਸ਼ ਕੀਤਾ ਗਿਆ ਤਾਂ ਬਾਬਾ ਬੁੱਢਾ ਜੀ ਨੂੰ ਪਹਿਲਾ ਗ੍ਰੰਥੀ ਥਾਪਿਆ ਗਿਆ। ਬਾਬਾ ਬੁੱਢਾ ਜੀ ਨੇ ਹੀ ਪਹਿਲਾ ਵਾਕ ਸੰਗਤਾਂ ਨੂੰ ਸਰਵਣ ਕਰਵਾਇਆ।

ਗੁਰੂ ਅਰਜਨ ਦੇਵ ਜੀ ਲਾਹੌਰ ਵਿਖੇ ਸ਼ਹੀਦੀ ਤੋਂ ਪਹਿਲਾਂ ਭਾਵੇਂ (ਗੁਰੂ) ਹਰਿਗੋਬਿੰਦ ਸਾਹਿਬ ਜੀ ਨੂੰ ਗੁਰਿਆਈ ਦੇ ਗਏ ਸਨ ਪਰ ਸ਼ਹੀਦੀ ਤੋਂ ਬਾਅਦ ਹੀ ਬਾਬਾ ਬੁੱਢਾ ਜੀ ਨੇ ਗੁਰੂ ਜੀ ਨੂੰ ਤਿਲਕ ਲਗਾਇਆ ਅਤੇ ਮੀਰੀ-ਪੀਰੀ ਦੀਆਂ ਦੋ ਕਿਰਪਾਨਾਂ ਵੀ ਪਹਿਨਾਈਆਂ ਤਾਂ ਜੋ ਜ਼ਾਲਮ ਤੇ ਜਾਬਰ ਹਕੂਮਤ ਦੀਆਂ ਵਧੀਕੀਆਂ ਦਾ ਉਹਨਾਂ ਨਾਲ ਮੁਕਾਬਲਾ ਕੀਤਾ ਜਾ ਸਕੇ। ਬਾਬਾ ਬੁੱਢਾ ਜੀ ਵੱਲੋਂ ਭਗਤੀ ਤੇ ਸ਼ਕਤੀ ਦੇ ਸਿਧਾਂਤ ਨੂੰ ਤਿਲਕ ਲਾਇਆ ਗਿਆ। ਸ਼੍ਰੀ ਅਕਾਲ ਤਖ਼ਤ ਦੀ ਨੀਂਹ ਗੁਰੂ ਜੀ ਨੇ ਬਾਬਾ ਬੁੱਢਾ ਜੀ ਤੋਂ ਰਖਵਾਈ। ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰਮੁਖੀ ਬਾਬਾ ਬੁੱਢਾ ਜੀ ਤੋਂ ਪੜ੍ਹੀ। ਜਹਾਂਗੀਰ ਨੇ ਜਦ ਗੁਰੂ ਹਰਿਗੋਬਿੰਦ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿੱਚ ਕੈਦ ਕਰਵਾ ਦਿੱਤਾ ਤਾਂ ਮਗਰੋਂ ਗੁਰੂ ਘਰ ਦਾ ਸਾਰਾ ਪ੍ਰਬੰਧ ਬਾਬਾ ਬੁੱਢਾ ਜੀ ਨੇ ਕੀਤਾ। ਬਾਬਾ ਬੁੱਢਾ ਜੀ ਮਾਤਾ ਗੰਗਾ ਜੀ ਦੇ ਹੁਕਮ ਅਨੁਸਾਰ ਗਵਾਲੀਅਰ ਗਏ ਪਰ ਗੁਰੂ ਜੀ ਦੇ ਦਰਸ਼ਨ ਨਾ ਕਰ ਸਕੇ। ਜਦ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਗਵਾਲੀਅਰ ਦੇ ਕਿਲ੍ਹੇ ਵਿੱਚੋਂ ਰਿਹਾਅ ਹੋਏ ਤਾਂ ਬਾਬਾ ਬੁੱਢਾ ਜੀ ਨੇ ਉਹਨਾਂ ਦੇ ਸ਼੍ਰੀ ਅੰਮ੍ਰਿਤਸਰ ਪੁੱਜਣ ਤੇ ਸਾਰੇ ਸ਼ਹਿਰ ਵਿੱਚ ਦੀਪਮਾਲਾ ਕਰਵਾਈ। ਬਾਬਾ ਬੁੱਢਾ ਜੀ ਨੇ ਚੌਂਕੀ ਸਾਹਿਬ ਦੀ ਰੀਤ ਚਲਾਈ। ਚੌਂਕੀ ਸਾਹਿਬ ਦੀ ਰੀਤ ਉਸ ਸਮੇਂ ਤੋਂ ਹੀ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਨਿਰੰਤਰ ਜਾਰੀ ਹੈ। ਚਾਹੇ ਮੀਂਹ ਹੋਵੇ, ਚਾਹੇ ਹਨੇਰੀ।

ਬਾਬਾ ਬੁੱਢਾ ਜੀ ਇਸ ਸਮੇਂ ਕਾਫ਼ੀ ਬਿਰਧ ਅਵਸਥਾ ਵਿੱਚ ਸਨ। ਗੁਰੂ ਹਰਿਗੋਬਿੰਦ ਸਾਹਿਬ ਤੋਂ ਆਗਿਆ ਲੈ ਕੇ ਆਪਣੇ ਪਿੰਡ ਰਮਦਾਸ ਆ ਗਏ। ਬਾਬਾ ਬੁੱਢਾ ਜੀ ਨੇ ਪੰਜ ਗੁਰੂ ਸਾਹਿਬਾਨਾਂ (ਦੂਜੇ, ਤੀਜੇ, ਚੌਥੇ, ਪੰਜਵੇਂ, ਛੇਵੇਂ) ਨੂੰ ਆਪਣੇ ਹੱਥੀਂ ਗੁਰਿਆਈ ਦੇ ਤਿਲਕ ਦੀ ਰਸਮ ਕੀਤੀ ਤੇ ਅੱਠ ਗੁਰੂ ਸਾਹਿਬਾਨਾਂ ਦੇ ਆਪ ਨੂੰ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਬਾਬਾ ਬੁੱਢਾ ਜੀ ਨੇ ਸੰਤੋਖਸਰ, ਰਾਮਸਰ, ਕੌਲਸਰ, ਬਿਬੇਕਸਰ, ਤਰਨਤਾਰਨ ਦੇ ਪਵਿੱਤਰ ਸਰੋਵਰ ਦੀ ਨੀਂਹ ਰੱਖੀ। ਸ਼੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਤੇ ਡੇਰਾ ਬਾਬਾ ਨਾਨਕ ਦੀ ਨੀਂਹ ਵੀ ਬਾਬਾ ਬੁੱਢਾ ਜੀ ਨੇ ਰੱਖੀ। ਬਾਬਾ ਬੁੱਢਾ ਜੀ ਨੇ ਗੁਰੂ ਘਰ ਦੀ ਸੇਵਾ, ਲੰਗਰ ਦੀ, ਪੰਗਤ ਦੀ, ਸੰਗਤ ਦੀ, ਜੋੜਿਆਂ ਦੀ, ਘੋੜਿਆਂ ਦੀ, ਵਾਹੀ ਦੀ, ਗੋਡੀ ਦੀ, ਪੱਠੇ ਪਾਉਣ ਦੀ, ਡੰਗਰ ਸਾਂਭਣ ਦੀ, ਗੱਲ ਕੀ ਹਰ ਪ੍ਰਕਾਰ ਦੀ ਸੇਵਾ ਆਪ ਨੇ ਜੀਅ ਲਾ ਕੇ ਕੀਤੀ। ਬਾਬਾ ਬੁੱਢਾ ਜੀ 14 ਮੱਘਰ ਸੰਮਤ 1688 ਬਿਕਰਮੀ, 16 ਨਵੰਬਰ ਸੰਨ 1631 ਈ: ਨੂੰ 125 ਸਾਲ ਦੀ ਉਮਰ ਭੋਗ ਕੇ ਸੱਚ-ਖੰਡ ਜਾ ਬਿਰਾਜੇ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬਾਬਾ ਬੁੱਢਾ ਜੀ ਦਾ ਅੰਤਿਮ ਸਸਕਾਰ ਆਪਣੇ ਹੱਥੀਂ ਕੀਤਾ। ਸਸਕਾਰ ਦੇ ਥਾਂ 'ਤੇ 'ਸੱਚ-ਖੰਡ' ਨਾਂ ਦਾ ਗੁਰਦੁਆਰਾ ਬਣਿਆ ਹੋਇਆ ਹੈ। ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਠੱਠਾ (ਤਰਨਤਾਰਨ) ਵਿਖੇ ਪੰਚਮ ਪਾਤਸ਼ਾਹ ਦੇ ਮਹਿਲ ਮਾਤਾ ਗੰਗਾ ਜੀ ਪੁੱਤਰ ਦੀ ਦਾਤ ਵਾਸਤੇ ਮਿੱਸੇ ਪ੍ਰਸ਼ਾਦੇ, ਲੱਸੀ ਤੇ ਗੰਢੇ (ਪਿਆਜ) ਆਦਿਕ ਲੈ ਕੇ ਬਾਬਾ ਜੀ ਪਾਸੋਂ ਅਰਦਾਸ ਕਰਵਾਉਣ ਆਏ ਸਨ।

ਬ੍ਰਹਮ-ਗਿਆਨੀ ਬਾਬਾ ਬੁੱਢਾ ਜੀ ਵੱਲੋਂ ਕੀਤੀ ਅਰਦਾਸ ਸਦਕਾ ਹੀ ਮੀਰੀ-ਪੀਰੀ ਦੇ ਮਾਲਕ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਹੋਇਆ। ਇਸੇ ਪਾਵਨ ਦਿਹਾੜੇ ਦੀ ਯਾਦ ਵਿੱਚ ਸਾਲਾਨਾ ਜੋੜ-ਮੇਲਾ 5, 6 ਤੇ 7 ਅਕਤੂਬਰ, 19, 20 ਤੇ 21 ਅੱਸੂ ਨੂੰ ਬੜੀ ਸ਼ਰਧਾ ਭਾਵਨਾ ਤੇ ਸਤਿਕਾਰ ਸਹਿਤ ਮਨਾਇਆ ਜਾ ਰਿਹਾ ਹੈ।

**-ਕਰਨੈਲ ਸਿੰਘ ਐੱਮ.ਏ.**

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਨਿਊਯਾਰਕ ਪੁਲਿਸ ਵਲੋਂ

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਪਿਸ ਨਾ ਦੇਣ ਦੇ ਦੋਸ਼ ਹੇਠ ਪ੍ਰਭਲੀਨ ਕੌਰ ਗ੍ਰਿ.ਫਤਾਰ



**ਨਵੀਂ ਦਿੱਲੀ, 4 ਅਕਤੂਬਰ (ਮਨਪ੍ਰੀਤ ਸਿੰਘ ਖਾਲਸਾ):-** ਨਿਊਯਾਰਕ ਦੇ ਵਾਰਡਨ ਸਿਟੀ ਪਾਰਕ ਵਿਖ਼ੇ ਇਕ ਬੜੀ ਹੀ ਮੰਦਭਾਗੀ ਘਟਨਾ ਵਾਪਰੀ ਹੈ ਜਿਥੇ ਇਕ ਮਹਿਲਾ ਵੱਲੋਂ ਗੁਰੂ ਘਰ ਤੋਂ ਆਪਣੇ ਘਰ ਸਹਿਜ ਪਾਠ ਰਖਵਾਉਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਸਾਹਿਬ ਜੀ ਲੈ ਕੇ ਗਈ ਪਰ ਬਾਅਦ ਵਿਚ ਉਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰੂ ਘਰ ਨੂੰ ਵਾਪਿਸ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਆਪਣੇ ਘਰ ਦੇ ਦਰਵਾਜ਼ੇ ਬੰਦ ਕਰ ਦਿੱਤੇ। ਜਾਣਕਾਰੀ ਦੇ ਅਨੁਸਾਰ 37 ਸਾਲਾ ਪ੍ਰਭਲੀਨ ਕੌਰ ਜੋ ਕਿ 4-5 ਹਫਤਿਆਂ ਤੋਂ ਗੁਰਦੁਆਰਾ ਗਿਆਨਸਰ ਸਾਹਿਬ ਰਾਮਗੜ੍ਹੀਆ ਸਿੱਖ ਸੁਸਾਇਟੀ ਫਾਰ ਨਿਊਯਾਰਕ ਵਿਖੇ ਰੋਜ ਸੇਵਾ ਕਰਨ ਜਾਂਦੀ ਸੀ ਉਸਨੇ ਗੁਰਦੁਆਰਾ ਸਾਹਿਬ ਦੇ ਸੇਵਾਦਾਰ ਗੁਲਜ਼ਾਰ ਸਿੰਘ ਨੂੰ ਆਪਣੇ ਘਰ ਸਹਿਜ ਪਾਠ ਰਖਵਾਉਣ ਦੀ ਗੱਲ ਕੀਤੀ ਜਿਸ ਤੋਂ ਬਾਅਦ ਗੁਰੂ ਘਰ ਤੋਂ ਸ੍ਰੀ ਗੁਰੂ ਗੁਰ ਸਾਹਿਬ ਜੀ ਉਸ ਦੇ ਘਰ ਪਹੁੰਚਾਏ ਗਏ ਪਰ ਜਦੋ ਬਾਅਦ ਵਿਚ ਸੇਵਾਦਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਪਿਸ ਗੁਰੂ ਘਰ ਲੈ ਕੇ ਜਾਣ ਲਈ ਪਹੁੰਚੇ ਤਾਂ ਪ੍ਰਭਲੀਨ ਕੌਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇਣ ਤੋਂ ਮਨਾ ਕਰ ਦਿੱਤਾ। ਨਿਊਯੌਰਕ ਵਿਚ ਸਾਂਝਾ ਪੰਜਾਬ ਟੀਵੀ ਵੱਲੋਂ ਇਸ ਖ਼ਬਰ ਨੂੰ ਚਲਾਇਆ ਗਿਆ ਤਾਂ ਸਤਿਕਾਰ ਕਮੇਟੀ ਅਤੇ ਸਿੱਖ ਸੰਗਤਾਂ ਨੇ ਪ੍ਰਭਲੀਨ ਕੌਰ ਦੇ ਘਰ ਦੇ ਬਾਹਰ ਦਿਨ ਰਾਤ ਪਹਿਰਾ ਦਿੱਤਾ ਤਾਂ ਜੋ ਕੋਈ ਮੰਦਭਾਗੀ ਘਟਨਾ ਨਾ ਵਾਪਰ ਜਾਵੇ। ਇਸ ਮਾਮਲੇ ਵਿਚ ਨਸਾਓ ਕਾਉਂਟੀ ਪੁਲਿਸ ਵਿਚ ਵੀ ਸ਼ਿਕਾਇਤ ਕੀਤੀ ਗਈ ਜਿਸ ਤੋਂ ਬਾਅਦ ਜੱਜ ਸਾਹਿਬ ਨੇ ਪੁਲਿਸ ਨੂੰ ਸਰਚ ਵਾਰੰਟ ਦੇ ਕੇ ਘਰ ਵਿਚ ਤਲਾਸ਼ੀ ਲੈਣ ਦੀ ਇਜ਼ਾਜਤ ਦਿੱਤੀ। ਪੁਲਿਸ ਨੇ ਦੱਸਿਆ ਕਿ ਅਧਿਕਾਰੀ ਬੁਧਵਾਰ ਨੂੰ ਗਾਰਡਨ ਸਿਟੀ ਦੀ ਪ੍ਰਭਲੀਨ ਕੌਰ ਦੇ ਘਰ ਗਏ ਪਰ ਉਸਨੇ ਦਰਵਾਜ਼ਾ ਖੋਲ੍ਹਣ ਤੋਂ ਇਨਕਾਰ ਕਰ ਦਿੱਤਾ। ਜਿਸ ਉਪਰੰਤ ਪੁਲਿਸ ਦੀ ਐਮਰਜੈਂਸੀ ਸਰਵਿਸ ਯੂਨਿਟ ਦੇ ਅਧਿਕਾਰੀ ਪ੍ਰਭਲੀਨ ਕੌਰ ਦੇ ਘਰ ਦਾਖਲ ਹੋਏ ਅਤੇ ਬਿਨਾਂ ਕਿਸੇ ਦੁਖਾਂਤ ਘਟਨਾ ਦੇ ਉਸ ਨੂੰ ਗ੍ਰਿਫਤਾਰ ਕਰ ਲਿਆ। ਪੁਲਿਸ ਨੇ ਉਸ ਦੇ ਘਰ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਰਾਮਦ ਕਰ ਲਏ ਅਤੇ ਸਤਿਕਾਰ ਕਮੇਟੀ ਵੱਲੋਂ ਪੰਜ ਸਿੰਘ ਸਾਹਿਬਾਨ ਦੀ ਅਗਵਾਈ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਤਿਕਾਰ ਨਾਲ ਗੁਰੂ ਘਰ ਬਿਰਾਜਮਾਨ ਕੀਤਾ ਗਿਆ। ਪੁਲਿਸ ਨੇ ਦੱਸਿਆ ਕਿ ਕੌਰ ਨੂੰ ਦਿਮਾਗੀ ਜਾਂਚ ਲਈ ਨੇੜਲੇ ਹਸਪਤਾਲ ਲਿਜਾਇਆ ਗਿਆ। ਪ੍ਰਭਲੀਨ ਕੌਰ 'ਤੇ ਚੌਥੇ ਦਰਜੇ ਦੀ ਵੱਡੀ ਲੁੱਟ ਦਾ ਦੋਸ਼ ਲਗਾਇਆ ਗਿਆ ਹੈ । ਉਸ ਨੂੰ ਪਹਿਲੀ ਜਿਲ੍ਹਾ ਅਦਾਲਤ, 99 ਮੈਨ ਸੇਂਟ, ਹੈਂਪਸਟੇਡ ਵਿਖੇ ਪੇਸ਼ ਕੀਤਾ ਜਾਵੇਗਾ।

ਅਕਾਲ ਯੂਨੀਵਰਸਿਟੀ ਦੇ ਭੌਤਿਕ ਵਿਗਿਆਨ ਵਿਭਾਗ ਵੱਲੋਂ

# 'ਨਿਊਕਲੀਅਰ ਸਪੈਕਟਰੋਮੈਟਰੀ' ਵਿਸ਼ੇ 'ਤੇ ਦੋ ਰੋਜ਼ਾ ਰਾਸ਼ਟਰੀ ਵਰਕਸ਼ਾਪ ਦਾ ਆਯੋਜਨ



**ਤਲਵੰਡੀ ਸਾਬੋ, 04 ਅਕਤੂਬਰ (ਗੁਰਜੰਟ ਸਿੰਘ ਨਥੇਹਾ)-** ਅਕਾਲ ਯੂਨੀਵਰਸਿਟੀ ਦੇ ਭੌਤਿਕ ਵਿਗਿਆਨ ਵਿਭਾਗ ਵੱਲੋਂ 'ਨਿਊਕਲੀਅਰ ਸਪੈਕਟਰੋਮੈਟਰੀ' ਵਿਸ਼ੇ 'ਤੇ ਦੋ ਰੋਜ਼ਾ ਰਾਸ਼ਟਰੀ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਵਰਕਸ਼ਾਪ ਨਿਊਕਲੀਅਰ ਸਪੈਕਟਰੋਮੈਟਰੀ ਤਕਨੀਕਾਂ ਅਤੇ ਉਹਨਾਂ ਦੇ ਵਿਆਪਕ ਉਪਯੋਗ ਦੀਆਂ ਤਕਨੀਕਾਂ ਦੀ ਸਮਝ ਵਧਾਉਣ 'ਤੇ ਕੇਂਦਰਿਤ ਸੀ। ਇਸ ਵਰਕਸ਼ਾਪ 'ਚ ਵਿਦਿਆਰਥੀ, ਖੋਜਾਰਥੀ ਅਤੇ ਫੈਕਲਟੀ ਮੈਂਬਰ ਬੜੇ ਉਤਸ਼ਾਹ ਨਾਲ ਸ਼ਾਮਿਲ ਹੋਏ। ਇਸ ਦੋ-ਰੋਜ਼ਾ ਵਰਕਸ਼ਾਪ ਵਿੱਚ ਭਾਭਾ ਪਰਮਾਣੂ ਖੋਜ ਕੇਂਦਰ (BARC) ਤੋਂ ਉੱਘੇ ਮਾਹਿਰ ਪ੍ਰੋ. ਸਰਬਜੀਤ ਸਿੰਘ ਅਤੇ ਹੋਮੀ ਭਾਭਾ ਸੈਂਟਰ ਫਾਰ ਸਾਇੰਸ ਐਜੂਕੇਸ਼ਨ (HBCSE), ਟਾਟਾ ਇੰਸਟੀਚਿਊਟ ਆਫ਼ ਫੰਡਾਮੈਂਟਲ ਤੋਂ ਡਾ. ਪੀ ਕੇ ਜੋਸ਼ੀ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਵਿਸ਼ਾ ਮਾਹਿਰਾਂ ਨੇ ਰੇਡੀਓਐਕਟਿਵ ਸੜਨ ਦੀਆਂ ਕਿਸਮਾਂ ਅਤੇ ਉਹਨਾਂ ਦੀਆਂ ਵਿਸ਼ੇਸ਼ਤਾਵਾਂ, ਰੇਡੀਏਸ਼ਨ ਦੇ ਸਰੋਤ, ਰੇਡੀਓਐਕਟਿਵ ਸੜਨ ਦੀਆਂ ਪ੍ਰਕਿਰਿਆਵਾਂ, ਗਾਮਾ-ਰੇ ਸਪੈਕਟ੍ਰੋਸਕੋਪੀ ਦੇ ਸਿਧਾਂਤ, ਪ੍ਰਯੋਗਾਤਮਕ ਤਕਨੀਕਾਂ, ਵਿਹਾਰਕ ਚੁਣੌਤੀਆਂ ਅਤੇ ਪ੍ਰਮਾਣੂ ਰੇਡੀਓਐਕਟੀਵਿਟੀ ਦੇ ਅਸਲ-ਸੰਸਾਰ ਕਾਰਜਾਂ ਬਾਰੇ ਵਿਸਥਾਰ ਨਾਲ ਦੱਸਿਆ। ਕੁੰਜੀਵਤ ਭਾਸ਼ਣ ਦੌਰਾਨ ਪ੍ਰਮਾਣੂ ਸਪੈਕਟਰੋਮੈਟਰੀ ਦੇ ਖੇਤਰ ਦੀ ਪ੍ਰਮੁੱਖ ਸ਼ਖਸੀਅਤ ਪ੍ਰੋ. ਸਰਬਜੀਤ ਸਿੰਘ ਨੇ ਪ੍ਰਮਾਣੂ ਸਪੈਕਟਰੋਸਕੋਪੀ ਤਕਨੀਕਾਂ, ਪਰਮਾਣੂ ਤੇ ਉਪ-ਪਰਮਾਣੂ ਬਣਤਰਾਂ ਅਤੇ ਮਹੱਤਵ ਬਾਰੇ ਜਾਣਕਾਰੀ ਪ੍ਰਦਾਨ ਕੀਤੀ। ਭਾਗੀਦਾਰਾਂ ਨੂੰ ਅਤਿ-ਆਧੁਨਿਕ ਸਪੈਕਟਰੋਮੈਟਰੀ ਉਪਕਰਨਾਂ ਦੇ ਪ੍ਰਦਰਸ਼ਨਾਂ ਨੂੰ ਦੇਖਣ ਦਾ ਮੌਕਾ ਵੀ ਮਿਲਿਆ, ਜਿਸ ਨਾਲ ਉਨ੍ਹਾਂ ਨੂੰ ਸ਼ਾਮਲ ਕੀਤੇ ਗਏ ਯੰਤਰਾਂ ਅਤੇ ਕਾਰਜਪ੍ਰਣਾਲੀ ਬਾਰੇ ਵਿਹਾਰਕ ਸਮਝ ਹਾਸਲ ਕਰਨ ਦਾ ਕੀਮਤੀ ਅਵਸਰ ਮਿਲਿਆ। ਦੁਪਹਿਰ ਬਾਅਦ ਦੇ ਸੈਸ਼ਨਾਂ ਵਿੱਚ ਭਾਗੀਦਾਰਾਂ ਨੂੰ ਡਾਟਾ ਵਿਸ਼ਲੇਸ਼ਣ ਸੈਸ਼ਨਾਂ ਵਿੱਚ ਸ਼ਾਮਲ ਕੀਤਾ ਗਿਆ ਸੀ, ਜਿੱਥੇ ਉਹਨਾਂ ਨੇ ਪਹਿਲਾਂ ਸਿਖਾਈਆਂ ਗਈਆਂ ਧਾਰਨਾਵਾਂ ਨੂੰ ਲਾਗੂ ਕੀਤਾ ਸੀ। ਅਸਲ ਪ੍ਰਯੋਗਾਤਮਕ ਡੇਟਾ ਦੀ ਵਰਤੋਂ ਕਰਦੇ ਹੋਏ, ਉਹਨਾਂ ਨੇ ਸੜਨ ਵਾਲੀ ਕਰਵ ਫਿਟਿੰਗ ਕਰਨਾ, ਅਨਿਸ਼ਚਿਤਤਾਵਾਂ ਦੀ ਗਣਨਾ ਕਰਨਾ ਅਤੇ ਨਤੀਜਿਆਂ ਦੀ ਵਿਆਖਿਆ ਕਰਨੀ ਸਿੱਖੀ। ਸਵਾਲ ਜਵਾਬ ਦੇ ਸੈਸ਼ਨ ਨੇ ਉਹਨਾਂ ਨੂੰ ਡੇਟਾ ਨੂੰ ਸੰਭਾਲਣ ਅਤੇ ਪ੍ਰਮਾਣੂ ਮਾਪਾਂ ਵਿੱਚ ਕਮੀਆਂ ਦੇ ਵਿਸ਼ਲੇਸ਼ਣ ਦੀਆਂ ਪੇਚੀਦਗੀਆਂ ਨੂੰ ਸਮਝਣ ਵਿੱਚ ਕੀਮਤੀ ਅਨੁਭਵ ਦਿੱਤਾ। ਅੰਤ 'ਚ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਗੁਰਮੇਲ ਸਿੰਘ ਨੇ ਇਸ ਦੋ ਰੋਜ਼ਾ ਵਰਕਸ਼ਾਪ ਦੀ ਸਫਲਤਾ ਲਈ ਵਿਭਾਗ ਦੇ ਅਧੀਆਪਕਾਂ, ਵਿਦਿਆਰਥੀਆਂ ਸਹਿਤ ਸਮੁੱਚੀ ਪ੍ਰਬੰਧਕੀ ਟੀਮ ਦੀ ਸ਼ਲਾਘਾ ਕੀਤੀ।

# ਜੇ ਗੁਰੂ ਚਰਨਾਂ ਚ ਸੀਸ ਭੇਟ ਕਰਕੇ ਵੀ ਮੌਤ ਦਾ ਭੈਅ ਰਿਹਾ ਫਿਰ ਮੈ ਸਿੱਖ ਕਿਵੇਂ ਹੋਇਆ ਭਲਾ ?

**ਸਿੱਖ ਗੁਰੂ ਦੇ ਚਰਨਾਂ ਚ ਸੀਸ ਭੇਟ ਕਰਕੇ ਅੰਮ੍ਰਿਤ ਛੱਕ ਕੇ ਗੁਰੂ ਦਾ ਸਿੰਘ ਸੱਜਦਾ**

ਅਸਲ ਦੇ ਵਿੱਚ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ ਸੀ ਤਾਂ ਉਸਦਾ ਕੋਈ ਇੱਕ ਕਾਰਨ ਨਹੀਂ ਸੀ । ਸਭ ਤੋਂ ਵੱਡੀ ਗੱਲ ਤਾਂ ਇਹ ਕਿ ਉਸ ਵੇਲੇ ਸਮੁੱਚਾ ਸਮਾਜ ਜਾਤ ਪਾਤ ਦੇ ਬੰਦਨਾ ਚ ਜਕੜਿਆ ਹੋਇਆ ਸੀ । ਪਹਾੜੀ ਰਾਜੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਇਕੋ ਗੱਲ ਕਹਿੰਦੇ ਸੀ ਕਿ ਅਸੀਂ ਰਾਜੇ ਹਾ ਸਾਨੂੰ ਵੱਖਰਾ ਅੰਮ੍ਰਿਤ ਦਾ ਬਾਟਾ ਤਿਆਰ ਕਰਕੇ ਅੰਮ੍ਰਿਤ ਛਕਾਓ । ਪਰ ਗੁਰੂ ਗੋਬਿੰਦ ਸਿੰਘ ਜੀ ਸਮੁੱਚੇ ਸਮਾਜ ਨੂੰ ਇੱਕ ਕਰਨ ਲਈ ਵਿੱਚ ਇੱਕੋ ਬਾਟੇ ਵਿੱਚੋਂ ਸਾਂਝੇ ਤੌਰ ਤੇ ਅੰਮ੍ਰਿਤ ਸੰਚਾਰ ਕਰਵਾਉਂਦੇ ਸਨ । ਪੰਜ ਪਿਆਰਿਆਂ ਦੀ ਵੀ ਗੱਲ ਕਰੀਏ ਤਾਂ ਉਹ ਵੀ ਵੱਖਰੀਆਂ ਵੱਖਰੀਆਂ ਦਿਸ਼ਾਵਾਂ ਚੋਂ ਦੁਨਿਆਵੀ ਤੌਰ ਤੇ ਮੰਨੀਆਂ ਜਾਂਦੀਆਂ ਵੱਖਰੀਆਂ ਵੱਖਰੀਆਂ ਜਾਤ ਧਰਮਾਂ ਤੋਂ ਸੀ । ਜਿਹੜਾ ਸਿੱਖ ਅੱਜ ਵੀ ਕਿਸੇ ਜਾਤ ਪਾਤ ਦੇ ਬੰਧਨ ਚ ਬੰਦਿਆ ਹੋਇਆ ਹੈ ਉਹ ਸਿਧਾਤਿਕ ਤੌਰ ਤੇ ਸਿੱਖ ਨਹੀਂ ਹੋ ਸਕਦਾ ।

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਹਰੇਕ ਅੰਮ੍ਰਿਤ ਛਕਣ ਵਾਲੇ ਨੂੰ ਦਸਤਾਰ ਸੌਖੇ ਮੁੱਲ ਨਹੀਂ ਲੈ ਕੇ ਦਿੱਤੀ । ਸਿਰ ਤੇ ਦਸਤਾਰ ਸਜਾਈ ਫਿਰਦੇ ਬਹੁਤਾਤ ਲੋਕਾਂ ਨੂੰ ਦਸਤਾਰ ਦੇ ਕੁਰਬਾਨੀਆਂ ਭਰੇ ਇਤਿਹਾਸ ਬਾਰੇ ਸ਼ਾਇਦ ਨਹੀਂ ਪਤਾ । ਉਹਦੇ ਲਈ ਬਹੁਤ ਕੁਰਬਾਨੀਆਂ ਹੋਈਆਂ ਜੋ ਇਤਿਹਾਸ ਦੇ ਪੰਨਿਆਂ ਵਿੱਚ ਦਰਜ ਨੇ । ਆਦਿ ਕਾਲ ਤੋਂ ਸਿਰਫ ਦੁਨਿਆਵੀ ਰਾਜੇ ਮਹਾਰਾਜੇ ਨੂੰ ਸਿਰ ਤੇ ਦਸਤਾਰ ਬੰਨਣ ਜਾਂ ਮੁਕਟ ਪਾਉਣ ਦੀ ਇਜਾਜ਼ਤ ਸੀ । ਕਿਉਂਕਿ ਰਾਜੇ ਮਹਾਰਾਜੇ ਸਿਰ ਤੇ ਦਸਤਾਰ ਬੰਨਣ ਅਤੇ ਮੁਕਟ ਪਾਉਣ ਨੂੰ ਆਪਣੀ ਜੱਦੀ ਜਾਇਦਾਦ ਮੰਨਦੇ ਸੀ । ਆਹ ਸਾਰਾ ਕੁਛ ਜਾਣ ਕੇ ਵੀ ਜੇ ਮੈਂ ਸਮਾਜ ਦੇ ਵਿੱਚ ਸਮਾਜ ਸੁਧਾਰਕ ਦੇ ਤੌਰ ਤੇ ਨਾ ਵਿਚਰਾਂ ਤਾਂ ਫਿਰ ਮੈਂ ਕਿਹੜੇ ਗੁਰੂ ਦਾ ਕਿਹੜਾ ਸਿੱਖ ਹੋਇਆ ਭਲਾ ?

ਜਦੋਂ ਤੁਸੀਂ ਸਮਾਜ ਦੇ ਵਿੱਚ ਕੁਛ ਵੱਡਾ ਬਦਲਾਅ ਕਰਨ ਦੀ ਕੋਸ਼ਿਸ਼ ਕਰਦੇ ਹੋ । ਤਾਂ ਉੱਥੇ ਤੁਹਾਡਾ ਵਿਰੋਧ ਹੋਣਾ ਸੁਭਾਵਿਕ ਹੈ । ਜਰੂਰੀ ਨਹੀਂ ਜਿਸ ਤਰ੍ਹਾਂ ਤੁਸੀਂ ਸੋਚਦੇ ਹੋ ਸਾਹਮਣੇ ਵਾਲੇ ਵੀ ਉਸੇ ਤਰ੍ਹਾਂ ਸੋਚਣ । ਪਰ ਜੇ ਸਭ ਕੁਝ ਜਾਣ ਕੇ ਵੀ ਹਕੂਮਤਾਂ ਦੇ ਨਸ਼ੇ ਚ ਆ ਕੇ ਤੁਹਾਡੀ ਜੁਵਾਬ ਨੂੰ ਕੋਈ ਬੰਦ ਕਰਨ ਦੀ ਕੋਸ਼ਿਸ਼ ਕਰੇ ।

ਉੱਥੇ ਤਾਂ ਫਿਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਖਸ਼ੇ ਸਿਧਾਂਤ ਤੇ ਪਹਿਰਾ ਦੇਣ ਦੀ ਸਖਤ ਜਰੂਰਤ ਆ । ਇਹ ਸਾਰੀਆਂ ਗੱਲਾਂ ਉਸ ਤੇ ਲਾਗੂ ਹੁੰਦੀਆਂ ਨੇ ਜੇ ਤੁਸੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੱਸੇ ਰਸਤੇ ਤੇ ਚੱਲਣ ਦੀ ਕੋਸ਼ਿਸ਼ ਕਰ ਰਹੇ ਹੋ । ਜੇ ਤੁਸੀਂ ਭੇਖੀ ਤੇ ਦਿਖਾਵੇ ਦੇ ਸਿੱਖ ਹੋ , ਫਿਰ ਤੁਹਾਡਾ ਜੁਬਾਨ ਨੂੰ ਤਾਲੇ ਲਾ ਕੇ ਅੰਦਰ ਵੜ ਕੇ ਬੈਠਣਾ ਸੁਭਾਵਿਕ ਹੈ ।

ਕਿਉਂਕਿ ਗੁਰੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਚ ਫਰਮਾਉਂਦੇ ਨੇ

**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥**
**ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥16॥ ਅੰਗ 1427**

ਸ਼ਬਦ ਅਰਥ



ਹੇ ਨਾਨਕ ! ਆਖ -ਹੇ ਮਨ ! ਸੁਣ, ਜਿਹੜਾ ਮਨੁੱਖ ਕਿਸੇ ਨੂੰ (ਕੋਈ) ਡਰਾਵੇ ਨਹੀਂ ਦੇਂਦਾ, ਅਤੇ ਕਿਸੇ ਦੇ ਡਰਾਵੇ ਨਹੀਂ ਮੰਨਦਾ (ਡਰਾਵਿਆਂ ਤੋਂ ਘਬਰਾਂਦਾ ਨਹੀਂ) ਉਸ ਨੂੰ ਆਤਮਕ ਜੀਵਨ ਦੀ ਸੂਝ ਵਾਲਾ ਸਮਝ ॥

**-ਪਰਗਟ ਸਿੰਘ ਬਲਬੇੜਾ ,**
**9022000070**

# ਮਜ਼ਦੂਰ ਵਰਗ ਨੂੰ ਪਲਾਟ ਕੱਟ ਕੇ ਦੇਣ ਤੇ ਕਿਸਾਨ ਵਰਗ ਨੂੰ ਸ਼ਾਮ ਲਾਟ ਦੀ ਰਾਖੀ ਦਾ ਵਾਅਦਾ ਲੋਲੀਪੋਪ ਤੋਂ ਸਿਵਾਏ ਹੋਰ ਕੁਝ ਨਹੀਂ

## ਦੋਗਲੇ ਲੋਲੀਪੋਪ ਦਾ ਦੇਣ ਤੇ ਸਵਾਲ ਕਰਨ ਦੇ ਤਿੰਨ ਦਿਨਾਂ ਬਾਅਦ ਤੱਕ ਵੀ ਨਹੀਂ ਦਿੱਤਾ ਕੋਈ ਜਵਾਬ

ਵੋਟਾਂ ਦੇ ਵੇਲੇ ਵੋਟਰਾਂ ਨੂੰ ਲੋਲੀਪੋਪ ਦੇਣਾ ਕੋਈ ਨਵੀਂ ਗੱਲ ਨਹੀਂ । ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਬਣਨ ਤੋਂ ਪਹਿਲਾਂ ਉਹਨਾਂ ਨੇ ਗੁਟਕਾ ਸਾਹਿਬ ਦੀ ਸੋਹ ਖਾਦੀ ਸੀ ਕਿ ਪੰਜਾਬ ਦੇ ਵਿੱਚੋਂ ਤਿੰਨ ਮਹੀਨਿਆਂ ਦੇ ਵਿੱਚ ਨਸ਼ਾ ਖਤਮ ਕਰ ਦਿਆਂਗੇ । ਉਸ ਤੋਂ ਵੱਡਾ ਵਾਅਦਾ 2014 ਦੇ ਵਿੱਚ ਕੇਂਦਰ ਸਰਕਾਰ ਦੇ ਸਭ ਤੋਂ ਦਿੱਗਜ ਨੇਤਾ ਅਮਿਤ ਸ਼ਾਹ ਨੇ ਵੀ ਇੱਕ ਜੁਮਲਾ ਛੱਡ ਕੀਤਾ ਸੀ ਕਿ ਦੇਸ਼ ਦੇ ਸਾਰੇ ਵਸਨੀਕਾਂ ਦੇ ਖਾਤਿਆਂ ਦੇ ਵਿੱਚ 15-15 ਲੱਖ ਰੁਪਆ ਪਾਏ ਜਾਣਗੇ । ਉਪਰਲੇ ਪਾਸੇ ਕੇਂਦਰ ਸਰਕਾਰ ਤੋਂ ਲੈ ਕੇ ਪਿੰਡਾਂ ਦੀ ਗ੍ਰਾਮ ਪੰਚਾਇਤਾਂ ਤੱਕ ਵੋਟਾਂ ਵੇਲੇ ਲੋਲੀਪੋਪ ਦੇਣੇ ਆਮ ਜਿਹੀ ਗੱਲ ਮੰਨੀ ਜਾਂਦੀ ਹੈ । ਕਿਉਂਕਿ ਕੈਂਡੀਡੇਟ ਕਿਸੇ ਵੀ ਤਰੀਕੇ ਨਾਲ ਜਿੱਤ ਪ੍ਰਾਪਤ ਕਰਨ ਲਈ ਦੁਖੀ ਹਿਰਦਿਆਂ ਨਾਲ ਮੁਲਾਕਾਤ ਕਰਕੇ ਉਹਨਾਂ ਨੂੰ ਭਰੋਸੇ ਵਿੱਚ ਲੈ ਕੇ ਵੋਟ ਪ੍ਰਾਪਤ ਕਰਨ ਦੇ ਟੀਚੇ ਤੇ ਕੰਮ ਕਰਦੇ ਹਨ ।

ਕੁਛ ਇਸੇ ਤਰ੍ਹਾਂ ਦੇ ਵਾਅਦੇ ਪੰਚਾਇਤੀ ਚੋਣਾਂ ਦੇ ਵਿੱਚ ਸਰਪੰਚੀ ਦੇ ਕੈਂਡੀਡੇਟਾਂ ਵੱਲੋਂ ਪਿੰਡਾਂ ਵਿੱਚ ਕੀਤੇ ਜਾ ਰਹੇ ਨੇ । ਪੰਜਾਬ ਦੇ ਪਿੰਡਾਂ ਦੇ ਵਿੱਚ ਸਰਪੰਚੀ ਦੀਆਂ ਚੋਣਾਂ ਨੂੰ ਲੈ ਕੇ ਚੋਣ ਅਖਾੜਾ ਭਖਿਆ ਹੋਇਆ ਹੈ । ਕੁਝ ਇਸੇ ਤਰ੍ਹਾਂ ਦਾ ਵਾਅਦਾ ਪਿੰਡ ਬਲਬੇੜਾ ਦੇ ਸਰਪੰਚੀ ਕੈਂਡੀਡੇਟ ਵੱਲੋਂ ਵੀ ਪਿਛਲੇ ਦਿਨੀ ਆਪਣੇ ਚੋਣ ਪ੍ਰਚਾਰ ਦੌਰਾਨ ਕੀਤਾ ਗਿਆ । ਸਵਾਲ ਪੁੱਛਣ ਦੇ ਤਿੰਨ ਦਿਨਾਂ ਬਾਅਦ ਤੱਕ ਵੀ ਇਸ ਮਸਲੇ ਤੇ ਪਿੰਡ ਦੇ ਸਾਂਝੇ ਬਣੇ ਵਟਸਐਪ ਗਰੁੱਪ ਦੇ ਵਿੱਚ ਕਿਸੇ ਵੀ ਪ੍ਰਕਾਰ ਦਾ ਜਵਾਬ ਕੈਂਡੀਡੇਟ ਵੱਲੋਂ ਨਹੀਂ ਦਿੱਤਾ ਜਾ ਰਿਹਾ । ਉਲਟਾ ਸਵਾਲ ਕਰਨ ਵਾਲਿਆਂ ਨੂੰ ਭਰਾਵਾਂ ਦੇ ਮੋਢਿਆਂ ਤੇ ਧਰ ਕੇ ਚਲਾਉਣ ਵਾਲੀ ਕਹਾਵਤ ਨੂੰ ਵਰਤ ਕੇ, ਜੁਬਾਨ ਬੰਦ ਕਰਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ । ਕਿਸੇ ਵੀ ਵੋਟਰ ਦਾ ਕਾਨੂੰਨੀ ਹੱਕ ਹੈ ਕਿ ਉਹ ਤਰਕ ਦੇ ਆਧਾਰ ਤੇ ਆਪਣੇ ਕੈਂਡੀਡੇਟ ਨੂੰ ਸਵਾਲ ਕਰੇ ।

ਸਵਾਲ ਕਰਨ ਦਾ ਵੱਡਾ ਮਕਸਦ ਇਹ ਵੀ ਹੁੰਦਾ ਹੈ ਕਿ ਕੈਂਡੀਡੇਟ ਤੋਂ ਇਹ ਸਪਸ਼ਟ ਕਰਵਾਇਆ ਜਾਵੇ ਕਿ ਆਖਰ ਦੋਵੇਂ ਵਾਅਦੇ ਪੂਰੇ ਕਿਵੇਂ ਕੀਤੇ ਜਾਣਗੇ ? ਜੇ ਕੈਂਡੀਡੇਟ ਵੋਟਾਂ ਪੈਣ ਤੋਂ ਪਹਿਲਾਂ ਸਵਾਲਾਂ ਦੇ ਜਵਾਬ ਦੇਣ ਤੋਂ ਕਤਰਾਉਂਦਾ ਹੈ ਤਾਂ ਬਾਅਦ ਵਿੱਚ ਐਸੇ ਕੈਂਡੀਡੇਟ ਤੋਂ ਕਿਸੇ ਵੀ ਪ੍ਰਕਾਰ ਦੀ ਉਮੀਦ ਕਿਸ ਤਰਕ ਤੇ ਕੀਤੀ ਜਾਵੇ ?

**-ਪਰਗਟ ਸਿੰਘ ਬਲਬੇੜਾ, 9022000070**

# ਇਹ ਸਰਬਸੰਮਤੀਆ ਨਹੀ ਜਬਰਸੰਮਤੀਆ ਨੇ, ਪਿੰਡਾ ਦੇ ਲੋਕਾ ਉਪਰ ਜਬਰੀ ਠੋਸੇ ਸਰਪੰਚ ਤੇ ਪੰਚ ਕੀ ਵਿਕਾਸ ਕਰਵਾਉਣਗੇ ? : ਕਰਨੈਲ ਸਿੰਘ ਪੀਰਮੁਹੰਮਦ



**ਚੰਡੀਗੜ੍ਹ, 4 ਅਕਤੂਬਰ (ਆਵਾਜ਼ਿ ਕੌਮ ਬਿਊਰੋ)-** ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਅਤੇ ਬੁਲਾਰੇ ਸ ਕਰਨੈਲ ਸਿੰਘ ਪੀਰਮੁਹੰਮਦ ਨੇ ਪੰਜਾਬ ਅੰਦਰ 15 ਅਕਤੂਬਰ ਨੂੰ ਹੋਣ ਜਾ ਰਹੀਆ ਪੰਚਾਇਤ ਚੋਣਾ ਬਾਰੇ ਤਿੱਖੀ ਟਿੱਪਣੀ ਕਰਦਿਆ ਕਿਹਾ ਹੈ ਕਿ ਇਹ ਚੋਣਾ ਲੋਕਤੰਤਰਿਕ ਢੰਗ ਤਰੀਕਿਆ ਮੁਤਾਬਿਕ ਨਾ ਹੋਕੇ ਜਬਰਸੰਮਤੀਆ ਰਾਹੀ ਸਰਬਸੰਮਤੀਆ ਦਾ ਨਾਮ ਦੇਕੇ ਕਰਾਈਆ ਜਾ ਰਹੀਆ ਹਨ । ਸ੍ਰ ਕਰਨੈਲ ਸਿੰਘ ਪੀਰਮੁਹੰਮਦ ਨੇ ਕਿਹਾ ਕਿ ਇਲੈਕਸ਼ਨ ਕਮਿਸ਼ਨ ਨੂੰ ਇਸ ਦਾ ਸਖਤ ਨੋਟਿਸ ਲੈਣਾ ਚਾਹੀਦਾ ਹੈ ਕਿਉਕਿ ਅੱਜ ਨਾਮਜਦਗੀਆ ਦੇ ਆਖਰੀ ਦਿਨ ਬਹੁਤ ਵੱਡੀ ਤਦਾਦ ਵਿੱਚ ਲੋਕਾ ਨੂੰ ਸਰਪੰਚ ਤੇ ਪੰਚ ਖੜੇ ਹੋਣ ਲਈ ਨਾਮਜਦਗੀਆ ਹੀ ਨਹੀ ਭਰਨ ਦਿੱਤੀਆ ਗਈਆ। ਉਹਨਾਂ ਕਿਹਾ ਕਿ ਜਬਰੀ ਬਣਾਏ ਗਏ ਸਰਪੰਚ ਤੇ ਪੰਚ ਲੋਕਾ ਦੀਆ ਭਾਵਨਾਵਾ ਦੇ ਬਿਲਕੁੱਲ ਉਲਟ ਹਨ ਤੇ ਇਹ ਕੀ ਵਿਕਾਸ ਕਰਨਗੇ ?

## ਖਿਡਾਰੀਆਂ ਦਾ ਹੋਵੇਗਾ ਸ਼ਾਨਦਾਰ ਸਨਮਾਨ : ਉਸਤਾਦ ਹਰੀ ਸਿੰਘ/ਭਾਈ ਰਣਜੀਤ ਸਿੰਘ

# ਗੱਤਕਾ ਉਸਤਾਦਾਂ ਦੀ ਯਾਦ 'ਚ ਗੁਰੂ ਨਗਰੀ ਵਿਖੇ 13 ਨੂੰ ਕਰਾਈ ਜਾਏਗੀ ਗੱਤਕਾ ਪ੍ਰਦਰਸ਼ਨੀ






**ਅੰਮ੍ਰਿਤਸਰ, 4 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਗਤਕਾ ਅਖਾੜਾ ਰਾਮਸਰ ਦੇ ਬਾਨੀ ਅਤੇ ਮੁੱਖ ਸੰਸਥਾਪਕ ਸਵ. ਉਸਤਾਦ ਪ੍ਰੇਮ ਸਿੰਘ ਭਾਟੀਆ ਅਤੇ ਸਵ. ਉਸਤਾਦ ਹਰਬੰਸ ਸਿੰਘ ਅਰੋੜਾ ਦੀ 12ਵੀਂ ਬਰਸੀ ਗੁਰਦੁਆਰਾ ਮਾਈ ਨਰੈਣੀ, ਪਾਥੀ ਗਰਾਉਂਡ, ਸੁਲਤਾਨਵਿੰਡ ਰੋਡ, ਸ੍ਰੀ ਅੰਮ੍ਰਿਤਸਰ ਵਿਖੇ 13 ਅਕਤੂਬਰ ਨੂੰ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਅਤੇ ਗੱਤਕਾ ਪ੍ਰਦਰਸ਼ਨੀ ਕਰਵਾ ਕੇ ਖਾਲਸਾਈ ਜਾਹੋ-ਜਲਾਲ ਨਾਲ ਮਨਾਈ ਜਾਵੇਗੀ। ਇਹ ਜਾਣਕਾਰੀ ਸਾਂਝੀ ਕਰਦਿਆਂ ਸ਼੍ਰੋਮਣੀ ਗਤਕਾ ਅਖਾੜਾ ਰਾਮਸਰ ਦੇ ਮੌਜੂਦਾ ਉਸਤਾਦ ਜਥੇਦਾਰ ਭਾਈ ਹਰੀ ਸਿੰਘ ਖ਼ਾਲਸਾ, ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਜਥੇਦਾਰ ਭਾਈ ਇੰਦਰ ਸਿੰਘ ਖ਼ਲੀਫ਼ਾ ਅਤੇ ਜਥੇਦਾਰ ਮਹਿੰਦਰ ਸਿੰਘ ਨੇ ਕਿਹਾ ਕਿ 13 ਅਕਤੂਬਰ ਦੀ ਸ਼ਾਮ ਨੂੰ ਗੱਤਕਾ ਟੀਮਾਂ ਅਤੇ ਖਿਡਾਰੀਆਂ ਵੱਲੋਂ ਸ਼ਾਨਦਾਰ ਪ੍ਰਦਰਸ਼ਨ ਕਰਕੇ ਜੰਗੀ ਜੌਹਰ ਵਿਖਾਏ ਜਾਣਗੇ ਤੇ ਫਿਰ ਉਹਨਾਂ ਖਿਡਾਰੀਆਂ ਦਾ ਸ਼ਾਨਦਾਰ ਸਨਮਾਨ ਹੋਵੇਗਾ। ਉਸਤਾਦ ਭਾਈ ਹਰੀ ਸਿੰਘ ਖ਼ਾਲਸਾ ਅਤੇ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਹਰੇਕ ਸਿੱਖ ਕੇਸਾਧਾਰੀ, ਅੰਮ੍ਰਿਤਧਾਰੀ ਅਤੇ ਸ਼ਸਤਰਧਾਰੀ ਹੋਵੇ। ਸ਼ਸਤਰ ਵਿੱਦਿਆ ਸਿੱਖ ਪੰਥ ਦਾ ਅਹਿਮ ਅੰਗ ਹੈ ਅਤੇ ਸਿੱਖ ਤੇ ਸ਼ਸਤਰ ਦਾ ਗੂੜ੍ਹਾ ਰਿਸ਼ਤਾ ਹੈ। ਸਿੱਖ ਧਰਮ ਅੰਦਰ ਭਗਤੀ ਤੇ ਸ਼ਕਤੀ, ਬਾਣੀ ਤੇ ਬਾਣਾ, ਸੰਤ ਤੇ ਸਿਪਾਹੀ ਦਾ ਵਿਧਾਨ ਗੁਰੂ ਪਾਤਸ਼ਾਹ ਨੇ ਹੀ ਬਖਸ਼ਿਆ ਹੈ। ਗੱਤਕਾ ਸਵੈ ਰੱਖਿਆ ਲਈ ਵਰਤਿਆ ਜਾਣਾ ਵਾਲਾ ਸਿੱਖਾਂ ਦੀ ਧਰਮ ਯੁੱਧ ਕਲਾ ਦਾ ਹਿੱਸਾ ਹੈ। ਉਸਤਾਦ ਹਰੀ ਸਿੰਘ ਨੇ ਦੱਸਿਆ ਕਿ ਇਹ ਅਖਾੜਾ ਕਈ ਦਹਾਕਿਆਂ ਤੋਂ ਚੱਲ ਰਿਹਾ ਹੈ ਤੇ ਹਜ਼ਾਰਾਂ ਖਿਡਾਰੀ ਸ਼ਸਤਰ ਵਿੱਦਿਆ ਪ੍ਰਾਪਤ ਕਰ ਚੁੱਕੇ ਹਨ ਤੇ ਹੁਣ ਵੀ ਲਗਾਤਾਰ ਕਲਾਸਾਂ ਲਗਦੀਆਂ ਹਨ। ਇਹ ਅੰਮ੍ਰਿਤਸਰ ਦੇ ਸਭ ਤੋਂ ਪੁਰਾਣੇ ਅਖਾੜਿਆਂ ਵਿੱਚੋਂ ਇੱਕ ਹੈ। ਇਸ ਮੌਕੇ ਮਨਪ੍ਰੀਤ ਸਿੰਘ ਸੋਨੂੰ, ਦਵਿੰਦਰ ਸਿੰਘ ਖਾਲਸਾ, ਦਿਲਜੀਤ ਸਿੰਘ ਨਿਹੰਗ, ਨਵਰੂਪ ਸਿੰਘ ਖਾਲਸਾ, ਹਰ ਫਤਹਿ ਸਿੰਘ ਖਾਲਸਾ, ਹਰਪ੍ਰੀਤ ਸਿੰਘ, ਸਾਹਿਬ ਸਿੰਘ, ਗੁਰਮੀਤ ਸਿੰਘ, ਕੁਲਦੀਪ ਸਿੰਘ ਖਾਲਸਾ, ਨਿਹਾਲ ਸਿੰਘ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

## ਕਿਸਾਨਾਂ ਦੀਆਂ ਮੰਗਾਂ ਸਬੰਧੀ

# ਪੰਜਾਬ ਸਰਕਾਰ ਵੱਲੋਂ ਕਿਸਾਨ ਆਗੂਆਂ ਨਾਲ ਮੀਟਿੰਗ ਅੱਜ 5 ਨੂੰ

| | |
|---|---|
| ਮੀਟਿੰਗ ਮਿਤੀ | : 5.10.2024 |
| ਸਮਾਂ | : 2:00 ਵਜੇ (ਬ.ਦੁ) |
| ਸਥਾਨ | : ਪੰਜਾਬ ਭਵਨ, ਸੈਕਟਰ 3, ਚੰਡੀਗੜ੍ਹ। |

**ਦਫਤਰ ਮੁੱਖ ਮੰਤਰੀ, ਪੰਜਾਬ**

ਸੇਵਾ ਵਿਖੇ,

1. ਵਿਸ਼ੇਸ਼ ਮੁੱਖ ਸਕੱਤਰ, ਪੰਜਾਬ ਸਰਕਾਰ, ਮਾਲ, ਮੁੜ ਵਸੇਬਾ ਤੇ ਆਫਤ ਪ੍ਰਬੰਧਨ ਵਿਭਾਗ।
2. ਵਿਸ਼ੇਸ਼ ਮੁੱਖ ਸਕੱਤਰ ਸਕੱਤਰ, ਪੰਜਾਬ ਸਰਕਾਰ, ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ।
3. ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ, ਸਥਾਨਕ ਸਰਕਾਰਾਂ ਵਿਭਾਗ।
4. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਪਸ਼ੂ ਪਾਲਣ, ਮੱਛੀ ਪਾਲਣ ਤੇ ਡੇਅਰੀ ਵਿਕਾਸ ਵਿਭਾਗ।
5. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਖੁਰਾਕ, ਸਿਵਲ ਸਪਲਾਈ ਤੇ ਖਪਤਕਾਰ ਮਾਮਲੇ ਵਿਭਾਗ।
6. ਸਕੱਤਰ, ਪੰਜਾਬ ਸਰਕਾਰ, ਊਰਜਾ ਵਿਭਾਗ।
7. ਸਕੱਤਰ, ਪੰਜਾਬ ਸਰਕਾਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ।
8. ਸਕੱਤਰ, ਪੰਜਾਬ ਸਰਕਾਰ, ਸਾਇੰਸ ਤਕਨਾਲੋਜੀ ਅਤੇ ਵਾਤਾਵਰਣ ਵਿਭਾਗ।
9. ਸਕੱਤਰ, ਪੰਜਾਬ ਸਰਕਾਰ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ।
9. ਸਕੱਤਰ, ਪੰਜਾਬ ਸਰਕਾਰ, ਲੋਕ ਨਿਰਮਾਣ ਵਿਭਾਗ।
10. ਮੈਨੇਜਿੰਗ ਡਾਇਰੈਕਟਰ, ਸੂਗਰਫੈਡ।

ਨੰ. ਉ.ਪ੍ਰ.ਸ.ਮੁੱ.ਮੰ./2024/1125-1135
ਮਿਤੀ: 4 ਅਕਤੂਬਰ, 2024

ਵਿਸ਼ਾ: ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ, ਪੰਜਾਬ ਨਾਲ ਉਨ੍ਹਾਂ ਦੀਆਂ ਮੰਗਾਂ ਸਬੰਧੀ ਮਿਤੀ 5 ਅਕਤੂਬਰ, 2024 ਨੂੰ 2.00 ਵਜੇ (ਬ.ਦ.) ਪੰਜਾਬ ਭਵਨ, ਸੈਕਟਰ 3, ਚੰਡੀਗੜ੍ਹ ਵਿਖੇ ਹੋਣ ਵਾਲੀ ਮੀਟਿੰਗ ਸਬੰਧੀ।

ਕਿਰਪਾ ਕਰਕੇ ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

ਮੈਨੂੰ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਵਿਸ਼ੇਸ਼ ਮੁੱਖ ਸਕੱਤਰ, ਮੁੱਖ ਮੰਤਰੀ, ਪੰਜਾਬ ਜੀ ਵੱਲੋਂ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ, ਪੰਜਾਬ ਨਾਲ ਉਨ੍ਹਾਂ ਦੀਆਂ ਮੰਗਾਂ ਸਬੰਧੀ ਮਿਤੀ 5 ਅਕਤੂਬਰ, 2024 ਨੂੰ 2.00 ਵਜੇ (ਬ.ਦ.) ਪੰਜਾਬ ਭਵਨ, ਸੈਕਟਰ 3, ਚੰਡੀਗੜ੍ਹ ਵਿਖੇ ਇੱਕ ਮੀਟਿੰਗ ਬੁਲਾਈ ਗਈ ਹੈ। ਮੀਟਿੰਗ ਦਾ ਏਜੰਡਾ ਪੱਤਰ ਨਾਲ ਨੱਥੀ ਹੈ।

ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਕਤ ਮੀਟਿੰਗ ਵਿੱਚ ਸਮੇਂ ਸਿਰ ਸ਼ਾਮਿਲ ਹੋਣ ਦੀ ਖੇਚਲ ਕੀਤੀ ਜਾਵੇ ਜੀ। ਸਮੂਹ ਵਿਭਾਗਾਂ ਨੂੰ ਇਹ ਵੀ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਨਾਲ ਨੱਥੀ ਮੰਗ ਪੱਤਰ ਵਿੱਚ ਦਰਸਾਈਆਂ ਮੰਗਾਂ ਵਿੱਚੋਂ ਆਪਣੇ ਵਿਭਾਗ ਨਾਲ ਸਬੰਧਤ ਮੰਗਾਂ ਸਬੰਧੀ ਸੂਚਨਾ/ਜਵਾਬ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਨੂੰ ਭੇਜਣ ਦੀ ਖੇਚਲ ਕਰਨ। ਇਸ ਉਪਰੰਤ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਉਕਤ ਸੂਚਨਾਂ ਨੂੰ ਸੰਕਲਿਤ ਕਰਕੇ ਮੀਟਿੰਗ ਵਿੱਚ ਪੇਸ਼ ਕਰਨ ਹਿੱਤ ਲੋੜੀਂਦੀ ਕਾਰਵਾਈ ਕਰਨ ਦੀ ਖੇਚਲ ਕਰਨ।

ਉਪ ਪ੍ਰਮੁੱਖ ਸਕੱਤਰ ਮੁੱਖ ਮੰਤਰੀ,
ਪੰਜਾਬ, ਚੰਡੀਗੜ੍ਹ।

ਪਿ.ਅੰ.ਨੰ. ਉ.ਪ੍ਰ.ਸ.ਮੁੱ.ਮੰ./2024/1136 ਮਿਤੀ: 4 ਅਕਤੂਬਰ, 2024

ਉਪਰੋਕਤ ਦਾ ਇੱਕ ਉਤਾਰਾ ਡਾਇਰੈਕਟਰ ਜਨਰਲ ਆਫ ਪੁਲਿਸ, ਪੰਜਾਬ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਉਕਤ ਮੀਟਿੰਗ ਵਿੱਚ ਸ਼ਾਮਿਲ ਹੋਣ ਦੀ ਖੇਚਲ ਕੀਤੀ ਜਾਵੇ ਜੀ।

ਉਪ ਪ੍ਰਮੁੱਖ ਸਕੱਤਰ ਮੁੱਖ ਮੰਤਰੀ,
ਪੰਜਾਬ, ਚੰਡੀਗੜ੍ਹ।

ਪਿ.ਅੰ.ਨੰ. ਉ.ਪ੍ਰ.ਸ.ਮੁੱ.ਮੰ./2024/1137-1138 ਮਿਤੀ: 4 ਅਕਤੂਬਰ, 2024

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਸਬੰਧਤ ਯੂਨੀਅਨ ਦੇ ਨੁਮਾਇੰਦਿਆਂ ਨੂੰ ਇਸ ਮੀਟਿੰਗ ਵਿੱਚ ਸ਼ਾਮਿਲ ਹੋਣ ਹਿੱਤ ਸੂਚਿਤ ਕੀਤਾ ਜਾਵੇ ਅਤੇ ਇਸ ਤੋਂ ਇਲਾਵਾ ਆਪਣੇ ਦਫਤਰ ਦੇ ਕਿਸੇ ਗਜ਼ਟਿਡ ਅਧਿਕਾਰੀ ਦੀ ਬਤੌਰ ਨੋਡਲ ਅਫਸਰ ਡਿਊਟੀ ਲਗਾਉਣ ਦੀ ਖੇਚਲ ਕੀਤੀ ਜਾਵੇ ਜੋ ਉਕਤ ਯੂਨੀਅਨ ਦੇ (ਵੱਧ ਤੋਂ ਵੱਧ 10) ਨੁਮਾਇੰਦਿਆਂ ਨੂੰ ਉਕਤ ਹੋਣ ਵਾਲੀ ਮੀਟਿੰਗ ਵਿੱਚ ਸ਼ਾਮਿਲ ਕਰਵਾਉਣ ਹਿੱਤ ਯਕੀਨੀ ਬਣਾਉਣ।
2. ਸਹਾਇਕ ਡਾਇਰੈਕਟਰ (ਪ੍ਰਾਹੁਣਾਚਾਰੀ), ਪੰਜਾਬ ਭਵਨ, ਸੈਕਟਰ 3, ਚੰਡੀਗੜ੍ਹ।

# ਰਾਮ ਰਹੀਮ ਨੂੰ ਮਿਲ ਰਹੀ ਬਾਰ ਬਾਰ ਪੈਰੋਲ ਅਤੇ ਬੰਦੀ ਸਿੰਘਾਂ ਦੀ ਰਿਹਾਈ ਬਾਰੇ ਦਿੱਲੀ ਸਿੱਖ ਗੁਰਦੁਆਰਾ ਕਮੇਟੀ ਮੈਂਬਰ ਚੁੱਪ ਕਿਉਂ..? : ਪਰਮਜੀਤ ਸਿੰਘ ਵੀਰਜੀ



**ਨਵੀਂ ਦਿੱਲੀ, 4 ਅਕਤੂਬਰ (ਮਨਪ੍ਰੀਤ ਸਿੰਘ ਖਾਲਸਾ)**:-ਡੇਰਾ ਮੁੱਖੀ ਰਾਮ ਰਹੀਮ ਵਲੋਂ ਕੀਤੇ ਗਏ ਗੰਭੀਰ ਜ਼ੁਲਮ ਕਤਲ, ਜਬਰਜਿਨਾਹ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ, ਦਸਮ ਪਾਤਸ਼ਾਹ ਦਾ ਸਵਰੂਪ ਰਚ ਕੇ ਅੰਮ੍ਰਿਤ ਸੰਚਾਰ ਦੀ ਮਰਿਆਦਾ ਨੂੰ ਵੰਗਾਰ ਪਾਉਣੀ ਨੂੰ ਵੱਖ ਵੱਖ ਜਥੇਬੰਦੀਆਂ ਦੇ ਵਿਰੋਧ ਦੇ ਬਾਵਜੂਦ 11 ਵੀਂ ਵਾਰ ਪੈਰੋਲ ਦਿੱਤੀ ਜਾਣ ਨਾਲ ਇਹ ਲਗ ਹੀ ਨਹੀਂ ਰਿਹਾ ਕਿ ਅਦਾਲਤ ਵਲੋਂ ਓਸ ਨੂੰ ਕੌਈ ਸਜ਼ਾ ਦਿੱਤੀ ਗਈ ਹੈ । ਜਿਸ ਸ਼ਾਨੋ ਸ਼ੋਕਤ ਨਾਲ ਓਹ ਕੁਝ ਦਿਨਾਂ ਲਈ ਜੇਲ੍ਹ ਜਾਂਦਾ ਹੈ ਓਸੇ ਸ਼ਾਨ ਦੇ ਨਾਲ ਵਾਪਿਸ ਮੁੜ ਆਂਦਾ ਹੈ । ਦਿੱਲੀ ਸਿੱਖ ਗੁਰਦੁਆਰਾ ਕਮੇਟੀ ਦੇ ਧਰਮ ਪ੍ਰਚਾਰ ਦੇ ਸਾਬਕਾ ਮੁੱਖ ਸੇਵਾਦਾਰ, ਗੁਰਬਾਣੀ ਰਿਸਰਚ ਫਾਉਂਡੇਸ਼ਨ ਅਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਸੇਵਾ ਸੋਸਾਇਟੀ ਦੇ ਚੇਅਰਮੈਨ ਪੰਥਕ ਆਗੂ ਸਰਦਾਰ ਪਰਮਜੀਤ ਸਿੰਘ ਵੀਰਜੀ ਨੇ ਮੀਡੀਆ ਨੂੰ ਜਾਰੀ ਕੀਤੇ ਇਕ ਬਿਆਨ ਰਾਹੀਂ ਕਿਹਾ ਕਿ ਜਿਸ ਅਖੌਤੀ ਸਿਰਸੇਵਾਲੇ ਸਾਧ ਨੇ ਆਪਣੀ ਦੁਕਾਨਦਾਰੀਨੁਮਾ ਡੇਰੇ ਵਿਚ ਬੀਬੀਆਂ ਨਾਲ ਬਲਾਤਕਾਰ ਕੀਤੇ ਹੋਣ ਅਤੇ ਆਪਣੇ ਮੰਦਭਾਵਨਾ ਭਰੇ ਮਕਸਦਾਂ ਦੇ ਸੱਚ ਨੂੰ ਛੁਪਾਉਣ ਲਈ ਡੇਰੇ ਵਿਚ ਆਪਣੇ ਨੇੜੇ ਦੇ ਸਾਥੀਆਂ ਅਤੇ ਵੱਡੀ ਗਿਣਤੀ ਵਿਚ ਬੀਬੀਆਂ ਨੂੰ ਜਾਨੋ ਮਾਰਕੇ ਉਨ੍ਹਾਂ ਦੇ ਸਰੀਰ ਮਿੱਟੀ ਵਿਚ ਦੱਬੇ ਹੋਣ ਅਤੇ ਜੋ ਮਨੁੱਖਤਾ ਦਾ ਕਾਤਲ ਹੋਵੇ, ਧਰਮ ਦੇ ਨਾਮ ਉਤੇ ਜਿਸਨੇ ਇਨਸਾਨੀਅਤ ਨੂੰ ਸ਼ਰਮਸਾਰ ਕੀਤਾ ਹੋਵੇ, ਅਜਿਹੇ ਨਾਮੀ ਮੁਜਰਿਮ ਅਖੌਤੀ ਸਿਰਸੇਵਾਲੇ ਨੂੰ ਵਾਰ-ਵਾਰ ਜੇਲ੍ਹ ਤੋ ਛੁੱਟੀ ਦੇਣ ਦਾ ਅਮਲ ਸਮੁੱਚੇ ਦੇਸ਼ ਦੇ ਨਿਜਾਮ ਤੇ ਸਮਾਜ ਲਈ ਬਹੁਤ ਹੀ ਗਲਤ ਸੰਦੇਸ ਦਿੰਦਾ ਹੈ । ਪਰ ਦੁੱਖ ਅਤੇ ਅਫਸੋਸ ਹੈ ਕਿ ਅਜਿਹੇ ਵੱਡੇ ਮੁਜਰਿਮ ਅਖੌਤੀ ਸਾਧ ਨੂੰ ਹੁਕਮਰਾਨ ਛੁੱਟੀ ਦਿਵਾਕੇ ਚੋਣਾਂ ਸਮੇ ਆਪਣੇ ਸਿਆਸੀ ਫਾਇਦੇ ਲੈਣ ਦੀ ਤਾਕ ਵਿਚ ਹਨ ।

ਦਿੱਲੀ ਸਿੱਖ ਗੁਰਦੁਆਰਾ ਕਮੇਟੀ ਦੇ ਮੈਂਬਰ ਭਾਜਪਾ ਦੀ ਲੀਡਰਸ਼ਿਪ ਨਾਲ ਇਕੱਮਿਕ ਹੋਣ ਦੇ ਬਾਵਜੂਦ ਉਨ੍ਹਾਂ ਵਲੋਂ ਰਾਮ ਰਹੀਮ ਨੂੰ ਬਾਰ ਬਾਰ ਮਿਲ ਰਹਿ ਪੈਰੋਲ ਦਾ ਮੁੱਦਾ ਨਾ ਚੁੱਕਣਾ ਉਨ੍ਹਾਂ ਦੇ ਸਿੱਖਾਂ ਦੇ ਨੁਮਾਇੰਦੇ ਹੋਣ ਤੇ ਸੁਆਲ ਚੁੱਕ ਰਿਹਾ ਹੈ । ਤੁਸੀਂ ਲੋਕ ਬੀਤੇ ਇਕ ਦਿਨ ਪਹਿਲਾਂ ਭਾਜਪਾ ਨੇਤਾ ਜੇਪੀ ਨੱਡਾ, ਹਰਦੀਪ ਸਿੰਘ ਪੂਰੀ, ਇਕਬਾਲ ਸਿੰਘ ਲਾਲਪੁਰਾ ਨਾਲ ਮਿਲ ਕੇ ਆਏ ਹਨ ਤੇ ਉਨ੍ਹਾਂ ਅਗੇ ਰਾਮ ਰਹੀਮ ਨੂੰ ਬਾਰ ਬਾਰ ਮਿਲ ਰਹਿ ਪੈਰੋਲ ਅਤੇ ਬੰਦੀ ਸਿੰਘਾਂ ਨੂੰ ਅਖੌ ਪਰੋਖੇ ਕਰਣ ਦਾ ਮਸਲਾ ਕਿਉਂ ਨਹੀਂ ਰੱਖਿਆ. ? ਜ਼ੇਕਰ ਤੁਸੀਂ ਸੁਹਿਰਦ ਅਤੇ ਸਿੱਖੀ ਜਜਬੇ ਨੂੰ ਸਮਰਪਿਤ ਹੋ ਤਾਂ ਨਿੱਜੀ ਹਿੱਤਾਂ ਨੂੰ ਸਵਾਰਨ ਦੀ ਜਗ੍ਹਾ ਨਵੀਂ ਬਣ ਰਹੀ ਭਾਜਪਾਈ ਸਿੱਖਾਂ ਦੀ ਕਮੇਟੀ ਜਿਸ ਵਿਚ ਤੁਸੀਂ ਵੀਂ ਨੁਮਾਇੰਦਗੀ ਕਰ ਰਹੇ ਹੋ ਪਹਿਲ ਦੇ ਆਧਾਰ ਤੇ ਇਹ ਅਤਿ ਜਰੂਰੀ ਮਸਲਾ ਸੁਲਝਾ ਕੇ ਕੌਮ ਦਾ ਕੁਝ ਸਵਾਰ ਦੋ ਨਹੀਂ ਤਾਂ ਤੁਹਾਡੇ ਵਲੋਂ ਕਮਾਏ ਜਾ ਰਹੇ ਕਰਮਾਂ ਨੂੰ ਦਿੱਲੀ ਦੇ ਸਿੱਖ ਪਰਿਵਾਰ ਬਹੁਤ ਨੇੜਿਓਂ ਦੇਖ ਰਹੇ ਹਨ ਤੇ ਆਣ ਵਾਲੀਆਂ ਚੋਣਾਂ ਵਿਚ ਇਸਦਾ ਉਨ੍ਹਾਂ ਵਲੋਂ ਤੁਹਾਨੂੰ ਜੁਆਬ ਦਿੱਤਾ ਜਾਏਗਾ।

## ਕਿਸਾਨ ਵਰਗ ਵੱਲੋਂ ਲਖੀਮਪੁਰ ਖੀਰੀ ਕਤਲ ਦੇ ਇਨਸਾ.ਫ ਅਤੇ ਕਿਸਾਨ ਮੰਗਾਂ ਦੇ ਹੱਕ ਵਿਚ ਦਿੱਤੇ ਗਏ ਜ਼ਬਰਦਸਤ ਧਰਨੇ ਦੀ ਕਾਮਯਾਬੀ ਪ੍ਰਸੰਸਾਯੋਗ : ਮਾਨ

ਨਵੀਂ ਦਿੱਲੀ, 04 ਅਕਤੂਬਰ (ਮਨਪ੍ਰੀਤ ਸਿੰਘ ਖਾਲਸਾ) "ਯੂਪੀ ਦੇ ਲਖੀਮਪੁਰ ਖੀਰੀ ਵਿਖੇ ਬੀਜੇਪੀ ਦੇ ਸਟੇਟ ਮਨਿਸਟਰ ਅਜੇ ਮਿਸਰਾ ਦੇ ਪੁੱਤਰ ਨੇ ਸੈਂਟਰ ਦੀ ਮੋਦੀ ਦੀ ਬੀਜੇਪੀ-ਆਰ.ਐਸ.ਐਸ ਹਕੂਮਤ ਦੇ ਨਸੇ ਵਿਚ ਅਮਨਮਈ ਤਰੀਕੇ ਨਾਲ ਰੋਸ ਕਰ ਰਹੇ ਕਿਸਾਨਾਂ ਉਤੇ ਗੱਡੀ ਚਾੜਕੇ 13 ਦੇ ਕਰੀਬ ਕਿਸਾਨ ਮੌਤ ਦੇ ਮੂੰਹ ਵਿਚ ਧਕੇਲ ਦਿੱਤੇ ਸਨ ਅਤੇ ਅਨੇਕਾ ਨੂੰ ਜਖਮੀ ਕਰ ਦਿੱਤਾ ਸੀ । ਉਸਦਾ ਇਨਸਾਫ ਪ੍ਰਾਪਤ ਕਰਨ ਦੀ ਮੰਗ ਨੂੰ ਮੁੱਖ ਰੱਖਕੇ ਅਤੇ ਹੋਰ ਕਿਸਾਨੀ ਮੰਗਾਂ ਦੇ ਲਈ ਬੀਤੇ ਦਿਨੀਂ ਸਮੁੱਚੇ ਇੰਡੀਆਂ ਦੇ ਕਿਸਾਨਾਂ ਵੱਲੋ ਜੋ ਜ਼ਿਲ੍ਹਾ ਵਾਈਜ ਰੇਲ ਟਰੈਕਾਂ ਤੇ ਧਰਨੇ ਦਿੱਤੇ ਗਏ ਸਨ ਉਹ ਪੂਰੇ ਮੁਲਕ ਵਿਚ ਬਹੁਤ ਹੀ ਕਾਮਯਾਬੀ ਨਾਲ ਸੰਪੂਰਨ ਹੋਏ ਹਨ । ਜਿਸ ਲਈ ਅਸੀ ਸਮੁੱਚੇ ਕਿਸਾਨ ਵਰਗ, ਵਿਸੇਸ ਤੌਰ ਤੇ ਪੰਜਾਬੀਆਂ ਜਿਨ੍ਹਾਂ ਨੇ ਸਮੁੱਚੇ ਪੰਜਾਬ ਵਿਚ ਇਸ ਮਕਸਦ ਨੂੰ ਪੂਰਨ ਕੀਤਾ ਹੈ, ਉਨ੍ਹਾਂ ਦਾ ਜਿਥੇ ਇਸ ਕੀਤੇ ਜਾ ਰਹੇ ਸੰਘਰਸ ਲਈ ਧੰਨਵਾਦ ਕਰਦੇ ਹਾਂ, ਉਥੇ ਮੌਜੂਦਾ ਬੀਜੇਪੀ-ਆਰ.ਐਸ.ਐਸ ਦੀ ਪੰਜਾਬੀਆਂ ਤੇ ਸਿੱਖ ਕੌਮ ਦੀ ਕਾਤਲ ਹਕੂਮਤ ਨੂੰ ਜਨਤਾ ਦੀ ਕਚਹਿਰੀ ਵਿਚ ਖੜ੍ਹਾ ਕਰਦੇ ਹੋਏ ਇਹ ਪੁੱਛਣਾ ਚਾਹਵਾਂਗੇ ਕਿ 2021 ਤੋ ਲੈਕੇ 3 ਸਾਲ ਦਾ ਸਮਾਂ ਗੁਜਰ ਚੁੱਕਿਆ ਹੈ । ਇਥੋ ਤੱਕ ਕਿਸਾਨਾਂ ਦੇ ਕਾਤਲ ਅਸੀਸ ਮਿਸਰਾ ਨੂੰ ਅਦਾਲਤ ਨੇ ਜਮਾਨਤ ਵੀ ਦੇ ਦਿੱਤੀ ਹੈ । ਇਸ ਮੁਲਕ ਵਿਚ ਬੀਜੇਪੀ-ਆਰ.ਐਸ.ਐਸ. ਹਿੰਦੂਤਵ ਤਾਕਤਾਂ ਦੇ ਹੁੰਦਿਆ ਅਦਾਲਤਾਂ ਅਤੇ ਹੋਰ ਨਿਆਪਾਲਿਕਾਵਾਂ ਤੋ ਕਿਸਾਨ ਵਰਗ ਪੰਜਾਬੀਆਂ ਤੇ ਸਿੱਖ ਕੌਮ ਨੂੰ ਕਿਵੇ ਇਨਸਾਫ ਮਿਲੇਗਾ, ਇਹ ਗੱਲ ਸਮੁੱਚੇ ਕਿਸਾਨ ਵਰਗ, ਪੰਜਾਬੀਆਂ, ਸਿੱਖ ਕੌਮ ਵਿਚ ਵਿਚਰ ਰਹੇ ਵਿਦਵਾਨਾਂ ਲਈ ਗਹਿਰੀ ਚਿੰਤਾ ਦਾ ਵਿਸਾ ਹੈ ਅਤੇ ਇਸ ਲਈ ਕੀ ਐਕਸਨ ਪ੍ਰੋਗਰਾਮ ਕਰਨਾ ਹੋਵੇਗਾ, ਇਸ ਉਤੇ ਵੀ ਵਿਚਾਰਾਂ ਕਰਨ ਦਾ ਸਮਾਂ ਮੰਗ ਕਰਦਾ ਹੈ ।"



ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਸਮੁੱਚੇ ਕਿਸਾਨ ਵਰਗ ਵੱਲੋ ਬੀਤੇ ਦਿਨੀਂ ਯੂਪੀ ਦੇ ਲਖੀਮਪੁਰ ਖੀਰੀ ਵਿਖੇ 2021 ਵਿਚ ਹੋਏ ਕਿਸਾਨਾਂ ਦੇ ਕਤਲ ਦੇ ਦੋਸ਼ੀ ਅਸੀਸ ਮਿਸਰਾ ਨੂੰ ਬਣਦੀ ਕਾਨੂੰਨੀ ਸਜ਼ਾ ਦਿਵਾਉਣ, ਐਮ.ਐਸ.ਪੀ ਦੀ ਗ੍ਰਾਂਟੀ, ਕਿਸਾਨੀ ਕਰਜੇ ਮੁਆਫ ਕਰਨ ਅਤੇ ਹੋਰ ਕਿਸਾਨੀ ਉਤਪਾਦਾਂ ਦੀ ਸਹੀ ਕੀਮਤਾਂ ਦੀ ਖਰੀਦੋ ਫਰੋਖਤ ਆਦਿ ਕਿਸਾਨੀ ਮਸਲਿਆ ਨੂੰ ਲੈਕੇ ਕੀਤੇ ਗਏ ਜ਼ਬਰਦਸਤ ਰੋਸ ਧਰਨੇ ਦੀ ਹੋਈ ਕਾਮਯਾਬੀ ਉਤੇ ਕਿਸਾਨ ਵਰਗ ਨੂੰ ਮੁਬਾਰਕਬਾਦ ਦਿੰਦੇ ਹੋਏ ਅਤੇ ਇਸ ਇਨਸਾਫ ਦੀ ਪ੍ਰਾਪਤੀ ਲਈ ਇਸੇ ਤਰ੍ਹਾਂ ਇਕਤਾਕਤ ਹੋ ਕੇ ਸੈਂਟਰ ਦੀ ਬੀਜੇਪੀ-ਆਰ.ਐਸ.ਐਸ. ਹਕੂਮਤ ਵਿਰੁੱਧ ਸੰਘਰਸ਼ ਨੂੰ ਅੱਗੇ ਲਿਜਾਣ ਦੀ ਗੱਲ ਕਰਦੇ ਹੋਏ ਪ੍ਰਗਟ ਕੀਤੇ ।

## ਲੈਫਟੀਨੈਂਟ ਜਰਨਲ ਹਰਬਖਸ਼ ਸਿੰਘ ਦਾ

# 111ਵਾਂ ਜਨਮ ਦਿਹਾੜਾ ਬੜੀ ਸ਼ਰਧਾ ਨਾਲ ਮਨਾਇਆ





**ਫ਼ਿਰੋਜ਼ਪੁਰ, 4 ਅਕਤੂਬਰ (ਮਨੋਹਰ ਲਾਲ) :—** ਲੈਫਟੀਨੈਂਟ ਜਰਨਲ ਹਰਬਖਸ਼ ਸਿੰਘ ਦਾ 111ਵਾਂ ਜਨਮ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਅੰਮ੍ਰਿਤਸਰ ਦੇ ਸਕੂਲ ਵਿਚ ਮਨਾਇਆ ਗਿਆ। ਇਸ ਮੌਕੇ ਤੇ ਵੱਡੀ ਗਿਣਤੀ ਵਿਚ ਫੌਜ਼ ਦੇ ਅਫਸਰ, ਜਵਾਨ, ਸਾਬਕਾ ਫੌਜੀ ਤੋਂ ਇਲਾਵਾ ਮੇਜਰ ਜਨਰਲ ਬਲਵਿੰਦਰ ਸਿੰਘ, ਭੈਣ ਡਾਕਟਰ ਬਲਜੀਤ ਕੌਰ ਬਰੇਗਿਅਰ, ਕਾਹਲ ਸਾਹਿਬ, ਜਰਨਲ ਵਿਜੇ ਪਾਂਡੇ ਤੋਂ ਇਲਾਵਾ ਵੱਡੀ ਗਿਣਤੀ ਵਿਚ ਅਫਸਰ ਤੇ ਜੀਓ.ਸੀ ਅੰਮ੍ਰਿਤਸਰ, ਖਾਲਸਾ ਕਾਲਜ ਮਜੀਠੀਆ ਹਾਲ ਕਾਲਜ ਪਹੁੰਚੇ। ਇਸ ਮੌਕੇ ਤੇ ਫ਼ਿਰੋਜ਼ਪੁਰ ਤੋਂ ਸੂਬੇਦਾਰ ਚਰਨ ਸਿੰਘ ਕੀਰਤੀ ਚੱਕਰਾ ਵੀ ਵਿਸ਼ੇਸ਼ ਤੌਰ ਤੇ ਪਹੁੰਚੇ। ਇਸ ਤੋਂ ਇਲਾਵਾ ਸੂਬੇਦਾਰ ਰਛਪਾਲ ਸਿੰਘ ਚੋਹਲਾ ਬਲਾਕ ਦੇ ਪ੍ਰਧਾਨ ਰਛਪਾਲ ਸਿੰਘ ਹੋਲਦਾਰ ਸੁਰਜੀਤ ਸਿੰਘ, ਹੌਲਦਾਰ ਮਨਸਾ ਸਿੰਘ, ਧੁੰਨ ਢਾਏ ਵਾਲਾ, ਪ੍ਰੋਫੈਸਰ ਹਰਪ੍ਰੀਤ ਸਿੰਘ ਬਟਾਲਾ, ਹਰਭਜਨ ਸਿੰਘ, ਗੁਰਜੀਤ ਸਿੰਘ ਧੁੰਨ ਢਾਏ ਵਾਲਾ ਤੋਂ ਇਲਾਵਾ ਖਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਮਹਿਲ ਸਿੰਘ ਹਾਜ਼ਰ ਸਨ। ਇਸ ਮੌਕੇ ਤੇ ਮੇਜਰ ਜਨਰਲ ਬਲਵਿੰਦਰ ਸਿੰਘ ਨੇ ਬੋਲਦਿਆਂ ਕਿਹਾ ਕਿ ਲੈਫਟੀਨੈਂਟ ਜਨਰਲ ਹਰਬਖਸ਼ ਸਿੰਘ ਭਾਰਤੀ ਫੌਜ਼ ਦੇ ਜਾਂਬਾਜ ਨੀਡਰ ਸਿੱਖ ਰੈਜੀਮੈਂਟ ਦੀ ਇਕ ਜਿਨ੍ਹਾਂ ਨੇ ਪੰਜਾਬ ਅਤੇ ਕਸ਼ਮੀਰ ਵਿਚ ਆਪਣੀ ਬਹਾਦਰੀ ਦੇ ਜ਼ੌਹਰ ਵਿਖਾਏ ਉਥੇ ਨਿਸਚੇ ਕਰ ਆਪਣੀ ਜੀਤ ਕਰਨ ਅਤੇ ਸੂਰਬੀਰਤਾ ਅਤੇ ਦਲੇਰੀ ਭਰੇ ਕਾਰਨਾਮੇ ਵਜੋਂ ਸਮੁੱਚੇ ਰੈਜੀਮੈਂਟ ਦਾ ਜਵਾਨਾਂ ਤੇ ਅਫਸਰਾਂ ਨੇ ਸਭ ਤੋਂ ਵੱਧ ਕੁਰਬਾਨੀਆਂ ਦੇ ਕੇ ਜਿਥੇ ਦੇਸ਼ ਦੀ ਰਖਿਆ ਕਰਨ ਵਿਚ ਆਪਣਾ ਮੋਹਰੀ ਫਰਜ ਨਿਭਾਇਆ ਹੈ। ਇਸ ਮੌਕੇ ਤੇ ਸੂਬੇਦਾਰ ਚਰਨ ਸਿੰਘ ਕੀਰਤੀ ਚੱਕਰਾ ਨੇ ਬੋਲਦਿਆਂ ਕਿਹਾ ਕਿ ਲੈਫਟੀਨੈਂਟ ਜਨਰਲ ਹਰਬਖਸ਼ ਸਿੰਘ ਦਾ ਅੱਜ ਅਸੀਂ 111ਵਾਂ ਜਨਮ ਦਿਨ ਮਨਾ ਰਹੇ ਹਾਂ, ਜਿਨ੍ਹਾਂ ਨੇ ਦੇਸ਼, ਕੌਮ ਲਈ ਬਹਾਦਰੀ ਦੇ ਜ਼ੋਹਰ ਵਿਖਾਏ, ਉਥੇ ਸਭ ਤੋਂ ਵੱਧ ਬਹਾਦਰੀ ਦੇ ਮੈਡਲ ਪਾ ਕੇ ਸੰਸਾਰ ਪੱਧਰ ਤੇ ਆਪਣੀ ਪਹਿਚਾਣ ਬਣਾਈ ਹੈ ਅਤੇ ਆਪਣਾ ਨਾਮ ਖਟਿਆ। ਇਸ ਮੌਕੇ ਤੇ ਭੈਣ ਡਾਕਟਰ ਬਲਜੀਤ ਕੌਰ ਬਰਗਿਅਰ ਨੇ ਬੋਲਦਿਆਂ ਕਿਹਾ ਕਿ ਲੈਫਟੀਨੈਂਟ ਜਨਰਲ ਹਰਬਖਸ਼ ਸਿੰਘ ਦੀ ਸੂਰਬੀਰਤਾ ਦਲੇਰੀ ਨੂੰ ਅੱਜ ਵੀ ਸਮੁੱਚਾ ਦੇਸ਼ ਵੀ ਨਹੀਂ ਬਲਕਿ ਸਮੁੱਚਾ ਵਿਸ਼ਵ ਯਾਦ ਕਰਦਾ ਹੈ। ਖਾਸ ਕਰਕੇ ਪੰਜਾਬ ਅਤੇ ਕਸ਼ਮੀਰ ਦੇ ਰਾਖੇ ਵਜੋਂ ਯਾਦ ਕੀਤਾ ਜਾਂਦਾ ਹੈ। ਇਸ ਮੌਕੇ ਤੇ ਆਏ ਹੋਏ ਮਹਾਨ ਸਖਸ਼ੀਅਤਾਂ ਨੂੰ ਸਨਮਾਨਿਤ ਵੀ ਕੀਤਾ ਗਿਆ।

## ਸੰਗਤਾਂ ਨੂੰ ਗੁਰਧਾਮਾਂ ਦੇ ਦਰਸ਼ਨ ਕਰਵਾਉਣ ਦਾ

# ਬਾਬਾ ਬੁੱਢਾ ਜੀ ਗ੍ਰੰਥੀ ਪਾਠੀ ਸਭਾ ਨੇ ਕੀਤਾ ਉਪਰਾਲਾ



**ਫ਼ਿਰੋਜ਼ਪੁਰ, 4 ਅਕਤੂਬਰ (ਮਨੋਹਰ ਲਾਲ) :—** ਬਾਬਾ ਬੁੱਢਾ ਜੀ ਗ੍ਰੰਥੀ ਪਾਠੀ ਸਾਹਿਬ ਰਜਿਸਟਰ ਫਿਰੋਜ਼ਪੁਰ ਸ਼ਹਿਰ ਵੱਲੋਂ ਜਿੱਥੇ ਗੁਰੂ ਕੀਆਂ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ ਜਾ ਰਿਹਾ ਹੈ ਉਥੇ ਸਭਾ ਵੱਲੋਂ ਗੁਰੂ ਧਾਮਾਂ ਦੀ ਯਾਤਰਾ ਲਈ ਵੀ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ ਪਿਛਲੇ ਦਿਨੀ ਸਤਿਗੁਰੂ ਜੀ ਨੇ ਪਟਨਾ ਸਾਹਿਬ ਜੀ ਦੀ ਯਾਤਰਾ ਵਾਸਤੇ ਸੰਗਤਾਂ ਨੂੰ ਦਰਸ਼ਨ ਦੀਦਾਰੇ ਕਰਵਾਏ, ਇਸ ਵਾਰ ਸਤਿਗੁਰੂ ਜੀ ਨੇ ਉਪਰਾਲਾ ਬਖਸ਼ਿਸ਼ ਕੀਤਾ ਗੁਰੂ ਧਾਮਾਂ ਦੀ ਯਾਤਰਾ ਵਾਸਤੇ ਅੱਜ ਸਵੇਰੇ ਬੱਸ ਯਾਤਰਾ ਰਵਾਨਾ ਕੀਤੀ ਗਈ, ਇਹ ਬੱਸ ਯਾਤਰਾ ਸ੍ਰੀ ਨਾਨਕਸਰ ਸਾਹਿਬ ਪੰਜੋਖੜਾ ਸਾਹਿਬ ਸ੍ਰੀ ਫਤਿਹਗੜ੍ਹ ਸਾਹਿਬ ਅਤੇ ਹੋਰ ਲੋਕਲ ਗੁਰਦੁਆਰੇ ਦੇਖਦੇ ਹੋਏ ਸੰਗਤ ਸ਼ਾਮ ਨੂੰ ਪਾਉਂਟਾ ਸਾਹਿਬ ਵਿਖੇ ਰਾਤ ਨੂੰ ਉੱਥੇ ਰੁਕੇਗੀ ਅੰਮ੍ਰਿਤ ਵੇਲੇ ਉੱਠ ਕੇ ਪਾਉਂਟਾ ਸਾਹਿਬ ਜੀ ਦੇ ਦਰਸ਼ਨ ਦੀਦਾਰੇ ਕਰਕੇ ਉਪਰੰਤ ਲੋਕਲ ਗੁਰਦੁਆਰੇ ਸਾਰੇ ਦਰਸ਼ਨ ਦੀਦਾਰੇ ਕਰਕੇ ਸੰਗਤ ਅੱਗੇ ਰਿਸ਼ੀਕੇਸ਼ ਵਾਸਤੇ ਜਾਵੇਗੀ ਉਥੇ ਪਹੁੰਚ ਕੇ ਜਿੰਨੇ ਵੀ ਲੋਕਲ ਗੁਰਦੁਆਰਾ ਸਾਹਿਬ ਹੋਣਗੇ ਸੰਗਤਾਂ ਨੂੰ ਦਰਸ਼ਨ ਕਰਵਾ ਕੇ ਐਤਵਾਰ ਸਵੇਰੇ 7 ਵਜੇ ਰਿਸ਼ੀਕੇਸ਼ ਤੋਂ ਵਾਪਸੀ ਲਈ ਰਵਾਨਾ ਹੋਏਗੀ, ਆਉਂਦੇ ਹੋਏ ਜਿੰਨੇ ਵੀ ਲੋਕਲ ਗੁਰਦੁਆਰਾ ਸਾਹਿਬ ਰਸਤੇ ਵਿੱਚ ਆਉਣਗੇ ਸੰਗਤਾਂ ਨੂੰ ਦਰਸ਼ਨ ਦੀਦਾਰੇ ਕਰਵਾਏ ਜਾਣਗੇ ਇਹ ਬਸ ਯਾਤਰਾ ਸਭਾ ਦੇ ਪ੍ਰਧਾਨ ਭਾਈ ਹਰਮੀਤ ਸਿੰਘ ਜੀ ਦੀ ਦੇਖਰੇਖ ਹੇਠ ਯਾਤਰਾ ਕਰ ਰਹੀ ਹੈ ਜਿਸ ਵਿੱਚ ਹੋਰ ਮੈਂਬਰ ਸਾਹਿਬਾਨ ਜਿਵੇਂ ਚੇਅਰਮੈਨ ਭਾਈ ਸਤਨਾਮ ਸਿੰਘ ਸਾਜਨ ਵਾਈਸ ਚੇਅਰਮੈਨ ਭਾਈ ਹਰਭਜਨ ਸਿੰਘ ਰੱਖੜੀ ਮੀਤ ਖਜਾਨਚੀ ਭਾਈ ਗੁਰਨਾਮ ਸਿੰਘ ਅੰਮ੍ਰਿਤ ਪਾਲ ਸਿੰਘ ਮੀਤ ਪ੍ਰਧਾਨ ਭਾਈ ਕੁਲਵੰਤ ਸਿੰਘ ਭਾਈ ਬਸੰਤ ਸਿੰਘ ਅਤੇ ਹੋਰ ਸਿੰਘਾਂ ਦੇ ਪਰਿਵਾਰ ਯਾਤਰਾ ਲਈ ਜਾ ਰਹੇ ਹਨ ਬਸ ਯਾਤਰਾ ਨੂੰ ਰਵਾਨਾ ਕਰਨ ਵਾਸਤੇ ਵਿਸ਼ੇਸ਼ ਤੌਰ ਤੇ ਸਭਾ ਦੇ ਸਕੱਤਰ ਭਾਈ ਅਵਤਾਰ ਸਿੰਘ ਫੌਜੀ ਉਥੇ ਪਹੁੰਚੇ ਸਾਰਿਆਂ ਨੇ ਅਰਦਾਸ ਕੀਤੀ ਸਤਿਗੁਰੂ ਜੀ ਯਾਤਰਾ ਚੜ੍ਹਦੀ ਕਲਾ ਵਿੱਚ ਦਰਸ਼ਨ ਦੀਦਾਰੇ ਕਰਾਉਣ।

# ਜੈਨਸਿਸ ਡੈਂਟਲ ਕਾਲਜ ਦੀ ਟੀਮ ਨੇ ਕੀਤਾ ਚੈਕਅਪ

ਫ਼ਿਰੋਜ਼ਪੁਰ, 4 ਅਕਤੂਬਰ (ਮਨੋਹਰ ਲਾਲ) :— ਫ਼ਿਰੋਜ਼ਪੁਰ ਦੇ ਪਿੰਡ ਅਲਫੂਕੇ ਦੇ ਗੁਰਦੁਆਰਾ ਪ੍ਰਗਟ ਸਾਹਿਬ ਵਿਖੇ ਜੈਨਸਿਸ ਡੈਂਟਲ ਕਾਲਜ ਅਤੇ ਹਸਪਤਾਲ ਫ਼ਿਰੋਜ਼ਪੁਰ ਦੀ ਟੀਮ ਵੱਲੋਂ ਦੰਦਾਂ ਦਾ ਮੁਫ਼ਤ ਚੈੱਕਅਪ ਕੈਂਪ ਲਗਾਇਆ ਗਿਆ, ਜਿਸ ਵਿੱਚ ਡਾ: ਸ਼ਾਂਤਾ ਚੋਪੜਾ ਅਤੇ ਡਾ: ਸਿਰਜਨਦੀਪ ਸਿੰਘ ਵੱਲੋਂ 100 ਤੋਂ ਵੱਧ ਮਰੀਜ਼ਾਂ ਦੇ ਦੰਦਾਂ ਦੀ ਜਾਂਚ ਕੀਤੀ ਗਈ। ਇਸ ਮੌਕੇ ਡਾ: ਸ਼ਾਂਤਾ ਚੋਪੜਾ ਅਤੇ ਡਾ: ਸਿਰਜਨਦੀਪ ਸਿੰਘ ਨੇ ਮਰੀਜ਼ਾਂ ਦਾ ਚੈਕਅੱਪ ਕਰਦਿਆਂ ਕਿਹਾ ਕਿ ਪਾਚਨ ਅਤੇ ਸਵਾਦ ਨੂੰ ਸੁਧਾਰਨ ਲਈ ਦੰਦਾਂ ਦੀ ਸਫ਼ਾਈ ਕਰਨੀ ਜ਼ਰੂਰੀ ਹੈ ਅਤੇ ਦੰਦਾਂ ਨੂੰ ਸਿਹਤਮੰਦ ਰੱਖਣ ਲਈ ਹਰ ਵਿਅਕਤੀ ਨੂੰ ਰਾਤ ਨੂੰ ਵੀ ਆਪਣੇ ਦੰਦ ਸਾਫ਼ ਕਰਨੇ ਜ਼ਰੂਰੀ ਹਨ, ਬੁਰਸ਼ ਕਰਨਾ ਜ਼ਰੂਰੀ ਹੈ। ਉਨ੍ਹਾਂ ਦੰਦਾਂ ਦੀ ਸੁਰੱਖਿਆ ਤੇ ਜ਼ੋਰ ਦਿੰਦਿਆਂ ਕਿਹਾ ਕਿ ਸਰੀਰ ਦੀ ਸਿਹਤ ਲਈ ਦੰਦ ਸਭ ਤੋਂ ਵੱਧ ਜ਼ਰੂਰੀ ਹਨ, ਕਿਉਂਕਿ ਭੋਜਨ




ਨੂੰ ਦੰਦਾਂ ਨਾਲ ਚਬਾ ਕੇ ਪਚ ਜਾਂਦਾ ਹੈ, ਜਿਸ ਨਾਲ ਮਨੁੱਖੀ ਸਰੀਰ ਭੋਜਨ ਨੂੰ ਆਸਾਨੀ ਨਾਲ ਹਜ਼ਮ ਕਰ ਲੈਂਦਾ ਹੈ। ਉਨ੍ਹਾਂ ਕਿਹਾ ਕਿ ਦੰਦਾਂ ਦੀ ਸੁਰੱਖਿਆ ਲਈ ਜਿਥੇ ਸਵੇਰੇ ਬੁਰਸ਼ ਕਰਨਾ ਚਾਹੀਦਾ ਹੈ, ਉੱਥੇ ਰਾਤ ਨੂੰ ਸੌਣ ਤੋਂ ਪਹਿਲਾਂ ਬੁਰਸ਼ ਕਰਨਾ ਵੀ ਬਹੁਤ ਜ਼ਰੂਰੀ ਹੈ, ਤਾਂ ਜੋ ਮੂੰਹ ਨੂੰ ਚੰਗੀ ਤਰ੍ਹਾਂ ਸਾਫ਼ ਰੱਖਿਆ ਜਾ ਸਕੇ। ਇਸ ਮੌਕੇ ਪੀ.ਆਰ.ਓ ਰਣਜੀਤ ਸਿੰਘ ਅਤੇ ਮਨਜੀਤ ਸਿੰਘ ਵੱਲੋਂ ਮਰੀਜ਼ਾਂ ਨੂੰ ਦਵਾਈਆਂ ਵੰਡੀਆਂ ਗਈਆਂ।

# ਲੋਕ ਭਲਾਈ ਸਕੀਮਾਂ ਰਾਹੀਂ ਲੋਕਾਂ ਨੂੰ ਮਾਨ ਸਰਕਾਰ ਸਹੂਲਤਾਂ ਦੇਣ ਲਈ ਵਚਨਬੱਧ: ਚੇਅਰਮੈਨ ਘੁੱਲੀ



**ਧੂਰੀ ( ਰਣਜੀਤ ਸਿੰਘ ਪੇਧਨੀ )**-ਆਮ ਆਦਮੀ ਪਾਰਟੀ, ਪੰਜਾਬ ਦੀ ਤਰ੍ਹਾਂ ਹਰਿਆਣਾ ਵਿਧਾਨ ਸਭਾ ਚੋਣਾਂ ਵਿਚ ਵੀ ਹੂੰਝਾ ਫੇਰ ਜਿੱਤ ਦਰਜ ਕਰੇਗੀ। ਇਹਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ, ਰਾਜਵੰਤ ਸਿੰਘ ਘੁੱਲੀ ਦਫ਼ਤਰ ਇੰਚਾਰਜ ਮੁੱਖ ਮੰਤਰੀ ਧੂਰੀ ਚੇਅਰਮੈਨ ਮਾਰਕੀਟ ਕਮੇਟੀ ਧੂਰੀ ਨੇ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਆਮ ਆਦਪੀ ਪਾਰਟੀ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਜਿਸ ਤਰੀਕੇ ਨਾਲ ਲੋਕ ਭਲਾਈ ਸਕੀਮਾਂ ਰਾਹੀਂ ਲੋਕਾਂ ਨੂੰ ਰਾਹਤ ਦਿੱਤੀ ਜਾ ਰਹੀ ਹੈ, ਉਸ ਤੋਂ ਹਰਿਆਣੇ ਦੇ ਲੋਕ ਪੰਜਾਬ ਦਾ ਗੁਆਂਢੀ ਸੂਬਾ ਹੋਣ ਕਰਕੇ ਭਲੀਭਾਂਤ ਜਾਣਦੇ ਹਨ। ਉਨ੍ਹਾਂ ਕਿਹਾ ਕਿ ਹਰਿਆਣੇ ਵਿਚ ਵੀ ਆਮ ਆਦਮੀ ਪਾਰਟੀ ਵੱਡੀ ਜਿੱਤ ਪ੍ਰਾਪਤ ਕਰੇਗੀ। ਹਰਿਆਣੇ ਦੇ ਲੋਕ ਅਜ਼ਾਦੀ ਤੋਂ ਬਾਅਦ ਸਤ੍ਹਾ ਵਿਚ ਆਈਆਂ ਵੱਖ ਵੱਖ ਪਾਰਟੀਆਂ ਨੂੰ ਪਰਖ ਚੁੱਕੀਆਂ ਹਨ। ਅੱਜ ਵੀ ਹਰਿਆਣੇ ਦੇ ਲੋਕ ਰੋਜ਼ਮਰਾ ਦੀਆਂ ਜਰੂਰਤਾਂ ਤੋਂ ਵਾਝੇ ਹਨ, ਜਿਸ ਕਰਕੇ ਉਥੋਂ ਦੇ ਲੋਕਾਂ ਨੇ ਮਨ ਬਣਾ ਲਿਆ ਹੈ ਕਿ ਹਰਿਆਣੇ ਅੰਦਰ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਵੋਟਾਂ ਪਾ ਕੇ ਭਾਰੀ ਬਹੁਮਤ ਨਾਲ ਜਿੱਤਾ ਕੇ ਸਤਾ ਵਿਚ ਲਿਆਉਣਗੇ। ਇਸ ਮੌਕੇ ਆਪ ਆਗੂ ਪਰਮਜੀਤ ਸਿੰਘ ਕਾਂਝਲਾ, ਆਪ ਆਗੂ ਰਣਜੋਧ ਸਿੰਘ ਕਾਂਝਲਾ, ਆਪ ਆਗੂ ਅਮਨ ਭੱਦਲਵੜ, ਆਪ ਆਗੂ ਮਾਣਾ ਗਰੇਵਾਲ, ਆਪ ਆਗੂ ਗੁਰਪ੍ਰੀਤ ਸਿੰਘ ਮਾਨ, ਆਪ ਆਗੂ ਭੋਲਾ ਸਿੰਘ ਅਲਾਲ, ਆਪ ਆਗੂ ਅਮਰੀਕ ਸਿੰਘ ਹਾਜਰ ਸਨ ।

# ਜਿੱਤਣ ਤੋਂ ਬਾਅਦ ਸੇਰਪੁਰ ਨੂੰ ਨਮੂਨੇ ਦਾ ਸਹਿਰ ਬਣਾਵਾਂਗਾਂ : ਡਾਕਟਰ ਜਗਜੀਵਨ ਸਿੰਘ ਸ਼ੇਰਪੁਰ

ਸ਼ੇਰਪੁਰ ( ਰਣਜੀਤ ਸਿੰਘ ਪੇਧਨੀ ) ਸ਼ੇਰਪੁਰ ਦੀ ਜਰਨਲ ਸੀਟ ਤੋਂ ਚੋਣ ਮੈਦਾਨ ਵਿੱਚ ਉਤਰੇ ਪੜੇ ਲਿਖੇ ਦਲਿਤਾਂ ਦੇ ਮਸੀਹਾਂ, ਸਾਬਕਾ ਡੀਐਚਓ ਡਾਕਟਰ ਜਗਜੀਵਨ ਸਿੰਘ ਸ਼ੇਰਪੁਰ ਨੇ ਸਰਪੰਚੀ ਦੀ ਚੋਣ ਲੜਨ ਦਾ ਐਲਾਨ ਕਰ ਦਿੱਤਾ ਹੈ। ਉਨਾਂ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਹੈ ਕਿ ਪਿੰਡ ਦੇ ਸੂਝਵਾਨ ਵੋਟਰਾਂ ਦੇ ਅਸ਼ੀਰਵਾਦ ਸਦਕਾ ਉਹਨਾਂ ਹੈ। ਉਹਨਾਂ ਅੱਗੇ ਦੱਸਿਆ ਕਸ਼ਬਾ ਸ਼ੇਰਪੁਰ ਅੰਦਰ ਨੂੰ ਦੂਰ ਕਰਕੇ ਇਸ ਨੂੰ ਸ਼ਹਿਰ ਬਣਾਇਆ ਕਿਹਾ ਕਿ ਸਾਡੇ ਸ਼ੁਰੂ ਤੋਂ ਹੀ ਸਮਾਜ ਹੈ ਅਤੇ ਪਹਿਲਾਂ ਮੇਰੇ ਨੇ ਮਰੀਜ਼ਾਂ ਦੀ ਸੇਵਾ ਦਿੱਤਾ। ਹੁਣ ਮੈਂ ਚਾਹੁੰਦਾ ਅੰਦਰ ਵੀ ਰੱਬ ਵਰਗੇ ਵੋਟਰਾਂ ਚੋਣ ਲੜਨ ਦਾ ਫੈਸਲਾ ਲਿਆ ਕਿ ਮੇਰਾ ਸੁਪਨਾ ਹੈ ਕਿ ਰਹਿੰਦੀਆਂ ਤਰੁਟੀਆਂ ਸਾਫ ਅਤੇ ਸੁੰਦਰ ਜਾ ਸਕੇ। ਉਹਨਾਂ ਪਰਿਵਾਰ ਅੰਦਰ ਸੇਵਾ ਦੀ ਭਾਵਨਾ ਪਾਸੋਂ ਸਤਿਗੁਰ ਕਰਨ ਦਾ ਮੈਨੂੰ ਮੌਕਾ ਹਾਂ ਕਿ ਸ਼ੇਰਪੁਰ ਕਸਬੇ ਦੇ ਸਹਿਯੋਗ ਸਦਕਾ ਬਹੁਤ ਸਾਰੀਆਂ ਸਮੱਸਿਆਵਾਂ ਨੂੰ ਦੂਰ ਕੀਤਾ ਜਾ ਸਕੇ। ਉਹਨਾਂ ਦੱਸਿਆ ਕਿ ਵੋਟਰਾਂ ਦੇ ਸਹਿਯੋਗ ਨਾਲ ਉਹਨਾਂ ਵੱਖ ਵੱਖ ਵਾਰਡਾਂ ਅੰਦਰ ਚੋਣ ਮੀਟਿੰਗਾਂ ਦੀ ਸ਼ੁਰੂਆਤ ਕਰ ਦਿੱਤੀ ਹੈ ਜਿਸ ਵਿੱਚ ਵੋਟਰਾਂ ਦਾ ਪੂਰਨ ਸਮਰੱਥਨ ਮਿਲ ਰਿਹਾ ਹੈ। ਉਹਨਾਂ ਕਿਹਾ ਕਿ ਉਹਨਾਂ ਨੂੰ ਪੂਰਨ ਆਸ ਤੇ ਵਿਸ਼ਵਾਸ ਹੈ ਕਿ ਸ਼ੇਰਪੁਰ ਦੇ ਵੋਟਰ ਉਹਨਾਂ ਨੂੰ ਇੱਕ ਮੌਕਾ ਜਰੂਰ ਦੇਣਗੇ ਤਾਂ ਜੋ ਸੇਰਪੁਰ ਦੇ ਅਧੂਰੇ ਪਏ ਵਿਕਾਸ ਕਾਰਜਾਂ ਨੂੰ ਸਿਰੇ ਚਾੜਿਆ ਜਾ ਸਕੇ। ਇਸ ਮੌਕੇ ਉਹਨਾਂ ਨਾਲ ਵੱਡੀ ਗਿਣਤੀ ਸਮਰੱਥਕ ਵੀ ਹਾਜ਼ਰ ਸਨ।



# ਲੈਸਟਰ ਦੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਚੋਣ ਜਿੱਤ ਕੇ ਗੁਰਨਾਮ ਸਿੰਘ ਬਣੇ ਪ੍ਰਧਾਨ

**ਆਵਾਜ਼ਿ ਕੌਮ ਬਿਊਰੋ, ਯੂ. ਕੇ.**

ਲੈਸਟਰ (ਇੰਗਲੈਂਡ) ● ਇੰਗਲੈਂਡ ਦੀਆਂ ਧਾਰਮਿਕ ਸਰਗਰਮੀਆਂ 'ਚ ਮੋਹਰੀ ਰਹਿਣ ਵਾਲੇ ਵੱਡੇ ਤੇ ਪੁਰਾਤਨ ਗੁਰੂ ਘਰਾਂ 'ਚੋਂ ਇੱਕ ਇੰਗਲੈਂਡ ਦੇ ਸ਼ਹਿਰ ਲੈਸਟਰ ਦੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਈਸਟ ਪਾਰਕ ਰੋਡ ਵਿਖੇ ਹੋਈ ਨਵੀਂ ਪ੍ਰਬੰਧਕ ਕਮੇਟੀ ਦੀ ਚੋਣ 'ਚ ਪਿਛਲੇ 6 ਸਾਲ ਤੋਂ ਗੁਰੂ ਘਰ ਦਾ ਪ੍ਰਬੰਧ ਚਲਾ ਰਹੀ ਤੀਰ ਗਰੁੱਪ ਦੀ ਪ੍ਰਬੰਧਕ ਕਮੇਟੀ ਨੇ ਵੱਡੇ ਫਰਕ ਨਾਲ ਸਰਬੱਤ ਦਾ ਭਲਾ ਗਰੁੱਪ ਦੇ ਉਮੀਦਵਾਰਾਂ ਨੂੰ ਹਰਾ ਕੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ ਹੈ, ਤੇ ਤੀਰ ਗਰੁੱਪ ਦੇ ਗੁਰਨਾਮ ਸਿੰਘ ਨਵਾਂ ਸ਼ਹਿਰ ਦੋ ਸਾਲ ਲਈ ਨਵੀਂ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਚੁਣੇ ਗਏ ਹਨ । ਜਿਨ੍ਹਾਂ ਨੂੰ 1995 ਵੋਟਾਂ ਪਈਆਂ ਤੇ ਸਰਬੱਤ ਦਾ ਭਲਾ ਗਰੁੱਪ ਦੇ ਪ੍ਰਧਾਨਗੀ ਅਹੁਦੇ ਦੇ ਉਮੀਦਵਾਰ ਸੁਖਵੰਤ ਸਿੰਘ ਹੈਪੀ ਨੂੰ 622 ਵੋਟਾਂ ਪਈਆਂ । ਇਸੇ ਤਰ੍ਹਾਂ ਤੀਰ ਗਰੁੱਪ ਦੇ ਬਾਕੀ ਵੱਖ-ਵੱਖ ਅਹੁਦਿਆਂ 'ਤੇ ਚੋਣ ਲੜ ਰਹੇ ਉਮੀਦਵਾਰਾਂ ਨੂੰ ਵੀ ਵੱਡੇ ਫਰਕ ਨਾਲ ਜਿੱਤ ਪ੍ਰਾਪਤ ਹੋਈ । ਸਵੇਰ ਤੋਂ ਅਮਨ ਸ਼ਾਂਤੀ ਨਾਲ ਚੱਲ ਰਹੀ ਚੋਣ ਦੌਰਾਨ ਦੁਪਹਿਰ ਵੇਲੇ ਦੋਵਾਂ ਧੜਿਆਂ ਵਿਚ ਕਿਸੇ ਗੱਲ ਨੂੰ ਲੈ ਕੇ ਤਕਰਾਰਬਾਜ਼ੀ ਹੋਈ ਜੋ ਵੇਖਦੇ ਹੀ ਵੇਖਦੇ ਭਿਆਨਕ ਝਗੜੇ ਦਾ ਰੂਪ ਧਾਰ ਗਈ । ਇਸ ਝਗੜੇ ਦੌਰਾਨ ਇਕ ਲੜਕੀ ਵਲੋਂ ਗੁਰੂ ਘਰ ਦੇ ਪਿਛਲੇ 6 ਸਾਲ ਤੋਂ ਪ੍ਰਧਾਨ ਚੱਲੇ ਆ ਰਹੇ ਰਾਜ ਮਨਵਿੰਦਰ ਸਿੰਘ ਰਾਜਾ ਕੰਗ ਦੀ ਹੱਥ ਮਾਰ ਕੇ ਪੱਗ ਉਤਾਰਨ ਦੀ ਕੋਸ਼ਿਸ਼ ਕੀਤੀ ਗਈ, ਜਿਸ ਤੋਂ ਬਾਅਦ ਦੋਵਾਂ ਧੜਿਆਂ 'ਚ ਤਕਰਾਰ ਇਨ੍ਹਾਂ ਵੱਧ ਗਿਆ ਕਿ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਸਥਿਤੀ 'ਤੇ ਕਾਬੂ ਪਾਇਆ । ਗੁਰੂ ਘਰ ਵਿਖੇ ਹੋਏ ਇਸ ਝਗੜੇ ਦੀ ਪੁਲਿਸ ਬਾਰੀਕੀ ਨਾਲ ਜਾਂਚ ਕਰ ਰਹੀ ਹੈ।



ਪ੍ਰਧਾਨ ਗੁਰਨਾਮ ਸਿੰਘ

## ਅੰਤਰਰਾਸ਼ਟਰੀ ਬਜ਼ੁਰਗ ਦਿਵਸ

# ਕੌਂਸਲ ਨੇ ਧੂਮਧਾਮ ਨਾਲ ਮਨਾਇਆ




ਫ਼ਿਰੋਜ਼ਪੁਰ, 4 ਅਕਤੂਬਰ (ਮਨੋਹਰ ਲਾਲ) :— ਬਜ਼ੁਰਗ ਸਾਡੇ ਸਮਾਜ ਦਾ ਇੱਕ ਸਨਮਾਨਤ ਅੰਗ ਹਨ ਕਿਉਂਕਿ ਕੋਈ ਵੀ ਕੰਮ ਬਜ਼ੁਰਗਾਂ ਨੂੰ ਸ਼ਾਮਿਲ ਕੀਤੇ ਬਿਨਾਂ ਨੇਪਰੇ ਚੜਨਾ ਬਹੁਤ ਹੀ ਮੁਸ਼ਿਕਲ ਹੈ, ਜੇ ਗੱਲ ਕਰੀਏ ਸਾਡੇ ਦੇਸ਼ ਦੀ ਰਾਸ਼ਟਰੀ ਸਰਕਾਰ ਅਤੇ ਰਾਜ ਸਰਕਾਰਾਂ ਨੂੰ ਜਿਆਦਾਤਰ ਬਜ਼ੁਰਗ ਹੀ ਚਲਾ ਰਹੇ ਹਨ, ਕਿਉਂਕਿ ਬਜ਼ੁਰਗਾਂ ਕੋਲ ਤਜਰਬਾ ਹੀ ਏਨ੍ਹਾ ਹੁੰਦਾ ਹੈ ਜਿਸ ਨਾਲ ਉਨ੍ਹਾਂ ਨੂੰ ਕਿਸੇ ਕੰਮ ਵਿੱਚ ਕੋਈ ਮੁਸ਼ਕਲ ਨਹੀਂ ਆਉਂਦੀ। ਇਸੇ ਲਈ ਕਿਹਾ ਜਾਂਦਾ ਹੈ ਕਿ ਬਜ਼ੁਰਗ ਸਾਡੇ ਦੇਸ਼ ਦਾ ਅਨਮੋਲ ਸਰਮਾਇਆ ਹਨ। ਅਜ ਸੀਨੀਅਰ ਸਿਟੀਜਨ ਕੌਂਸਲ ਰਜਿਸਟਰਡ ਫਿਰੋਜਪੁਰ ਵੱਲੋਂ ਸ੍ਰੀ ਪੀ.ਡੀ ਸ਼ਰਮਾ ਦੀ ਪ੍ਰਧਾਨਗੀ ਹੇਠ ਅੰਤਰਰਾਸ਼ਟਰੀ ਬਜ਼ੁਰਗ ਦਿਵਸ ਬਹੁਤ ਹੀ ਧੂਮ—ਧਾਮ ਨਾਲ ਬਾਗਵਾਨ ਵਿਖੇ ਮਨਾਇਆ ਗਿਆ। ਇਸ ਮੌਕੇ ਤੇ ਕੌਂਸਲ ਦੇ ਸੀਨੀਅਰ ਤੇ ਬਜ਼ੁਰ.ਗ ਮੈਂਬਰ ਮਾਨਯੋਗ ਸ੍ਰੀਮਤੀ ਸ਼ਸ਼ੀ ਕੱਕੜ ਬਤੌਰ ਮੁੱਖ ਮਹਿਮਾਨ ਸ਼ਾਮਿਲ ਹੋਏ, ਉਨ੍ਹਾਂ ਨਾਲ ਸ਼੍ਰੀ ਗੁਰਚਰਨ ਸਿੰਘ ਸੇਠੀ ਨੇ ਬਤੌਰ ਵਿਸ਼ੇਸ਼ ਮਹਿਮਾਨ ਸ਼ਿਰਕਤ ਕੀਤੀ। ਜਾਣਕਾਰੀ ਦਿੰਦੇ ਹੋਏ ਕੌਂਸਲ ਦੇ ਪ੍ਰਧਾਨ ਪੀ.ਡੀ ਸ਼ਰਮਾ ਨੇ ਦੱਸਿਆ ਕਿ ਇਨ੍ਹਾਂ ਮਹਿਮਾਨਾਂ ਦੇ ਬਾਗਬਾਨ ਵਿਖੇ ਪੁੱਜਣ ਤੇ ਸਮੂਹ ਕੌਂਸਲ ਮੈਂਬਰਾਂ ਵੱਲੋਂ ਫੁੱਲਾਂ ਦੀ ਵਰਸ਼ਾ ਕਰਕੇ ਉਨ੍ਹਾਂ ਦਾ ਸਵਾਗਤ ਕੀਤਾ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਹ ਸੰਦੇਸ਼ ਦੇਣ ਦੀ ਕੋਸ਼ਿਸ਼ ਕੀਤੀ ਗਈ ਕਿ ਬਜ਼ੁਰਗਾਂ ਦਾ ਸਨਮਾਨ ਕਿੰਨਾ ਜਰੂਰੀ ਹੈ ਤੇ ਸਭ ਨੂੰ ਆਪਣੇ—ਆਪਣੇ ਬਜ਼ੁਰਗਾਂ ਦਾ ਮਾਤਾ ਪਿਤਾ ਦਾ ਸਨਮਾਨ ਕਰਨਾ ਚਾਹੀਦਾ ਕਿਉਂਕਿ ਬਜ਼ੁਰਗ ਸਾਡਾ ਅਨਿੱਖੜਵਾਂ ਅੰਗ ਹਨ। ਇਸ ਮੌਕੇ ਤੇ ਸਮਾਗਮ ਵਿੱਚ ਸ਼ਾਮਿਲ ਹੋਏ ਮੁੱਖ ਮਹਿਮਾਨ ਸ਼੍ਰੀਮਤੀ ਸ਼ਸ਼ੀ ਕਕੜ ਨੇ ਬੋਲਦੇ ਹੋਏ ਕਿਹਾ ਕਿ ਉਹਨਾਂ ਨੂੰ ਇੱਥੇ ਆ ਕੇ ਇੱਕ ਵਿਸ਼ੇਸ਼ ਖੁਸ਼ੀ ਮਿਲਦੀ ਹੈ ਕਿਉਂਕਿ ਇੱਥੇ ਆਉਣ ਵਾਲੀਆਂ ਪੀੜੀਆਂ ਨੂੰ ਬਜ਼ੁਰਗਾਂ ਦਾ ਸਨਮਾਨ ਕਰਨ ਦਾ ਸੰਦੇਸ਼ਾ ਦਿੱਤਾ ਜਾਂਦਾ ਹੈ ਉਥੇ ਨਾਲ ਹੀ ਇਥੇ ਬਜ਼ੁਰਗ ਕਲਾਕਾਰ ਆਪਣੇ ਕਲਾ ਦੇ ਜੌਹਰ ਦਿਖਾ ਕੇ ਸਮੇਂ ਨੂੰ ਖੁਸ਼ੀਆਂ ਵਿੱਚ ਬਣ ਦਿੰਦੇ ਹਨ। ਇਸ ਮੌਕੇ ਤੇ ਕੌਂਸਲ ਵੱਲੋਂ ਆਪਣੇ ਸਤਿਕਾਰਤ ਮੈਂਬਰਾ ਸ਼੍ਰੀਮਤੀ ਸ਼ਸ਼ੀ ਕੱਕੜ ਸ੍ਰੀ ਹਰੀ ਚੰਦ ਚੋਪੜਾ ਸ਼੍ਰੀ ਕਮਲ ਦਾਸ ਸ੍ਰੀ ਸੀਜੇ ਮਹਾਜਨ ਸ੍ਰੀ ਦੇਵਰਾਜ ਚਾਵਲਾ ਤੇ ਸੀ ਸੁਰਿੰਦਰ ਮੋਗਾ ਨੂੰ ਜਨਮਦਿਨ ਦੀਆਂ ਤੇਰੇ ਢੇਰ ਵਧਾਈਆਂ ਦਿੱਤੀਆਂ। ਇਹ ਸੰਸਥਾ ਦੀ ਇੱਕ ਵਿਸ਼ੇਸ਼ ਉਪਲਬਧੀ ਇਹ ਹੈ ਕਿ ਇਹ ਸੰਸਥਾ ਕਿਸੇ ਵੀ ਮੈਂਬਰ ਕੋਲੋਂ ਕੋਈ ਮਾਸਕ ਜਾ ਸਲਾਨਾ ਚੰਦਾਂ ਨਹੀਂ ਲੈਂਦੀ ਫਿਰ ਵੀ ਪਰਮਾਤਮਾ ਦੀ ਕਿਰਪਾ ਨਾਲ ਇਹ ਦਿਨ ਦੁਗਣੀ ਰਾਤ ਚੌਗਣੀ ਤਰੱਕੀ ਕਰ ਰਹੀ ਹੈ। ਇਸ ਮੌਕੇ ਤੇ ਸੀਨੀਅਰ ਸਿਟੀਜਨ ਕਲਾਕਾਰ ਸ੍ਰੀ ਪ੍ਰੇਮ ਨਾਥ, ਸ੍ਰੀ ਹਰੀ ਚੰਦ ਚੋਪੜਾ ਸ੍ਰੀ ਕਮਲ ਦਾਸ, ਸ਼ਿਵਦਰਸ਼ਨ ਲਾਲ ਅਤੇ ਹੋਰ ਬਹੁਤ ਸਾਰੇ ਕਲਾਕਾਰਾਂ ਨੇ ਆਪਣੇ ਕਲਾ ਦੇ ਜੌਹਰ ਦਿਖਾਏ ਤੇ ਸਮਾਗਮ ਨੂੰ ਖੁਸ਼ੀਆਂ ਨਾਲ ਭਰ ਦਿੱਤਾ। ਮੈਡਮ ਸ਼ਸ਼ੀ ਚੁਘ ਸਕਿਟ ਪੇਸ ਵਿੱਚ ਕਰਨ ਵਿੱਚ ਬਹੁਤ ਹੀ ਮਾਹਰ ਕਲਾਕਾਰ ਹੈ। ਇਸ ਮੌਕੇ ਤੇ ਕੌਂਸਲ ਦੇ ਪ੍ਰਧਾਨ ਸ਼੍ਰੀ ਪੀ ਡੀ ਸ਼ਰਮਾ ਨੇ ਆਏ ਮਹਿਮਾਨਾਂ ਅਤੇ ਕੌਂਸਲ ਅਧਿਕਾਰੀਆਂ ਨੇ ਜਨਮਦਿਨ ਵਾਲੇ ਮੈਂਬਰਾਂ ਨੂੰ ਵਧਾਈ ਦਿੱਤੀ ਅਤੇ ਤੋਹਫੇ ਦੇ ਕੇ ਸਮਾਨਤ ਕੀਤਾ। ਅੰਤ ਵਿੱਚ ਕੌਂਸਲ ਅਧਿਕਾਰੀਆਂ ਵੱਲੋਂ ਪੀ ਡੀ ਸ਼ਰਮਾ ਦੀ ਪ੍ਰਧਾਨਗੀ ਹੇਠ ਆਏ ਮਹਿਮਾਨਾਂ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਅਤੇ ਮਿਲ ਬੈਠ ਕੇ ਬਰੰਚ ਦਾ ਆਨੰਦ ਲਿਆ।

ਆਵਾਜ਼ਿ ਕੌਮ AWAZE QAUM International Newspaper & WEB TV

## ਜ਼ਸਵਿੰਦਰ ਸਿੰਘ ਕਾਲਾ ਆਪਣੇ ਪਰਿਵਾਰ ਸਮੇਤ ਬਰਮਿੰਘਮ ਯੂ.ਕੇ ਤੋਂ

# ਜਥੇਦਾਰ ਬਾਬਾ ਬਲਬੀਰ ਸਿੰਘ ਮੁਖੀ ਬਾਬਾ ਬੁੱਢਾ ਦਲ ਨਿਹੰਗ ਸਿੰਘ 96 ਕਰੋੜੀ ਦੇ ਡੇਰੇ ਪਟਿਆਲਾ ਵਿਖੇ ਪਹੁੰਚੇ

ਫ਼ਿਰੋਜ਼ਪੁਰ, 4 ਅਕਤੂਬਰ (ਮਨੋਹਰ ਲਾਲ) :— ਜ਼ਸਵਿੰਦਰ ਸਿੰਘ ਕਾਲਾ ਆਪਣੇ ਪਰਿਵਾਰ ਸਮੇਤ ਬਰਮਿੰਘਮ ਯੂ.ਕੇ ਤੋਂ ਜਥੇਦਾਰ ਬਾਬਾ ਬਲਬੀਰ ਸਿੰਘ ਮੁਖੀ ਬਾਬਾ ਬੁੱਢਾ ਦਲ ਨਿਹੰਗ ਸਿੰਘ 96 ਕਰੋੜੀ ਦੇ ਤੌਰੇ ਪਟਿਆਲੇ ਵਿਖੇ ਪਹੁੰਚੇ। ਇਸ ਮੌਕੇ ਤੇ ਜਥੇਦਾਰ ਬਾਬਾ ਬਲਬੀਰ ਸਿੰਘ ਮੁਖੀ, ਬਾਬਾ ਬੁੱਢਾ ਦਲ ਨਿਹੰਗ ਸਿੰਘ 96 ਕਰੋੜੀ ਨੇ ਜ਼ਸਵਿੰਦਰ ਸਿੰਘ ਕਾਲਾ ਨੂੰ ਜੀ ਆਇਆ ਆਖਿਆ




ਆਵਾਜ਼ਿ ਕੌਮ AWAZE QAUM International Newspaper & WEB TV

ਅਤੇ ਜ਼ਸਵਿੰਦਰ ਸਿੰਘ ਕਾਲਾ ਜ਼ੋ ਕਿ ਬਰਮਿੰਘਮ ਯੂ.ਕੇ ਵਿਖੇ ਹਰ ਸਾਲ ਧਾਰਮਿਕ ਸਮਾਗਮ ਕਰਵਾਉਂਦੇ ਹਨ, ਜਿਵੇਂ ਧੰਨ—ਧੰਨ ਬਾਬਾ ਨੰਦ ਸਿੰਘ ਜੀ ਦੇ ਬਰਸੀ ਜ਼ੋ ਕਿ 7—8 ਦਿਨ ਵੱਡਾ ਸਮਾਗਮ ਕਰਵਾਉਂਦੇ ਹਨ ਅਤੇ ਇਹ ਮਹਾਨ ਸਮਾਗਮ ਬਾਬੇ ਕੇ ਫਾਰਮ ਵਿਖੇ ਮਨਾਉਂਦੇ ਹਨ, ਜਿਸ ਵਿਚ ਦੇਸ਼—ਵਿਦੇਸ਼ ਤੋਂ ਸੰਤ ਮਹਾਂ ਪੁਰਸ਼ ਹਰ ਸਾਲ ਆਉਂਦੇ ਹਨ ਅਤੇ ਦਾਸ ਨੂੰ ਵੀ ਸਦਾ ਪੱਤਰ ਭੇਜਿਆ ਜਾਂਦਾ ਹੈ। ਇਸ ਤੋਂ ਇਲਾਵਾ ਨਵੰਬਰ ਵਿਚ ਬਾਬਾ ਨਾਹਰ ਸਿੰਘ ਜੀ ਦੀ ਯਾਦ ਮਨਾਉਂਦੇ ਹਨ। ਇਸ ਮੌਕੇ ਤੇ ਵੀ ਸੰਤਾਂ ਮਹਾਂਪੁਰਸ਼ਾਂ ਨੂੰ ਬੁਲਾਇਆ ਜਾਂਦਾ ਹੈ। ਇਹ ਸਭ ਜ਼ਸਵਿੰਦਰ ਸਿੰਘ ਕਾਲਾ, ਮਨਜੀਤ ਸਿੰਘ ਭੋਗਲ ਐਡਵੋਕੇਟ ਦੀ ਜਿੰਨੀ ਵੀ ਪ੍ਰਸੰਸਾ ਕੀਤੀ ਜਾਵੇ ਥੋੜੀ ਹੈ, ਜ਼ੋ ਕਿ ਯੂ.ਕੇ ਦੀ ਧਰਤੀ ਤੇ ਸਾਡੇ ਮਹਾਂਪੁਰਸ਼ਾਂ ਨੂੰ ਯਾਦ ਕੀਤਾ ਜਾਂਦਾ ਹੈ। ਇਸ ਮੌਕੇ ਤੇ ਇਨ੍ਹਾਂ ਨਾਲ ਬਲਬੀਰ ਸਿੰਘ ਐਡਵੋਕੇਟ, ਸਰਬਜੀਤ ਸਿੰਘ ਡੀ.ਪੀ ਨਿਝਰ, ਦਰਸ਼ਨ ਸਿੰਘ ਲੋਹੀਆ, ਸਿਮਰਨ ਪਾਲ ਸਿੰਘ ਧੰਜਲ ਵੀ ਹਾਜ਼ਰ ਸਨ। ਇਸ ਮੌਕੇ ਤੇ ਜਥੇਦਾਰ ਬਾਬਾ ਬਲਬੀਰ ਸਿੰਘ ਮੁਖੀ ਬਾਬਾ ਬੁਢਾ ਦਲ ਨਿਹੰਗ ਸਿੰਘ 96 ਕਰੋੜੀ ਨੇ ਜ਼ਸਵਿੰਦਰ ਸਿੰਘ ਕਾਲਾ ਅਤੇ ਉਨ੍ਹਾਂ ਨਾਲ ਗਏ ਸਮੂਹ ਮੈਂਬਰਾਂ ਨੂੰ ਸਨਮਾਨਿਤ ਕੀਤਾ।

# ਗੁਰਬਚਨ ਸਿੰਘ ਪਿੰਡ ਨਿਹਾਲਾ ਕਿਚਾਲਾ ਦੀ ਫਾਇਲ ਵਿਰੋਧੀ ਧਿਰ ਨੇ ਜਬਰੀ ਖੋਹ ਕੇ ਪਾੜੀ—ਚੋਣ ਕਮਿਸ਼ਨ ਤੋਂ ਇਨਸਾਫ ਦੀ ਮੰਗ

ਫ਼ਿਰੋਜ਼ਪੁਰ, 4 ਅਕਤੂਬਰ (ਮਨੋਹਰ ਲਾਲ) :— ਗੁਰਬਚਨ ਸਿੰਘ ਪੁੱਤਰ ਗੁਰੀਆ ਸਿੰਘ ਵਾਸੀ ਪਿਂਫ ਨਿਹਾਲਾ ਕਿਲਚਾ ਤਹਿਸੀਲ ਅਤੇ ਜ਼ਿਲ੍ਹਾ ਫ਼ਿਰੋਜ਼ਪੁਰ ਨੇ ਅੱਜ

ਆਵਾਜ਼ਿ ਕੌਮ AWAZE QAUM International Newspaper & WEB TV



ਸਤਲੁਜ਼ ਪ੍ਰੈਸ ਕਲੱਬ ਫ਼ਿਰੋਜ਼ਪੁਰ ਵਿਚ ਆਪਣੀ ਹੱਡੀ ਬੀਤੀ ਸੁਣਾਉਂਦੇ ਹੋਏ ਦੱਸਿਆ ਕਿ ਮੈਂ ਪਿੰਡ ਨਿਹਾਲਾ ਕਿਲਚਾ ਦੇ ਮੈਂਬਰੀ ਪੰਚਾਇਤ ਲਈ ਆਪਣੀ ਫਾਈਲ ਜਮ੍ਹਾਂ ਕਰਵਾਉਣ ਲਈ ਬਲਾਕ ਸਤੀਏ ਵਾਲਾ ਵਿਖੇ ਪਹੁੰਚਿਆ, ਜਿਥੇ ਪਹਿਲਾਂ ਤੋਂ ਹੀ ਖੜ੍ਹੇ ਪਿੰਡ ਨਿਹਾਲਾ ਕਿਚਲਾ ਸਰਪੰਚੀ ਦੇ ਉਮੀਦਵਾਰ ਨੇ ਮੇਰੀ ਫਾਇਲ ਖੋਹ ਕੇ ਪਾੜ ਦਿੱਤੀ ਅਤੇ ਮੈਨੂੰ ਧਮਕੀ ਦਿੱਤੀ ਕਿ ਤੈਨੂੰ ਅਸੀਂ ਜਾਨੋ ਮਾਰ ਦੇਵਾਂਗੇ, ਸਾਡਾ ਕੋਈ ਕੁਝ ਨਹੀਂ ਵਿਗਾੜ ਸਕਦਾ ਅਤੇ ਤੇਰੇ ਤੇ ਅਸੀਂ ਪਰਚਾ ਦਰਜ ਕਰਵਾ ਦੇਵਾਂਗੇ, ਕਿਉਂਕਿ ਸਾਡੀ ਸਰਕਾਰ ਹੈ। ਗੁਰਬਚਨ ਸਿੰਘ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਡੀ.ਜੀ.ਪੀ ਪੰਜਾਬ ਪੁਲਿਸ ਅਤੇ ਪੰਜਾਬ ਚੋਣ ਕਮਿਸ਼ਨ ਤੋਂ ਮੰਗ ਕੀਤੀ ਕਿ ਵਿਰੋਧੀ ਧਿਰ ਦੇ ਆਗੂਆਂ ਤੇ ਸਖਤ ਤੋਂ ਸਖਤ ਕਾਰਵਾਈ ਕਰਦੇ ਹੋਏ ਮੈਨੂੰ ਇਨਸਾਫ ਦਿੱਤਾ ਜਾਵੇ, ਕਿਉਂਕਿ ਉਸ ਪਾੜੀ ਹੋਈ ਫਾਇਲ ਦੇ ਫੋਟੋ ਸਟੇਟ ਮੇਰੇ ਮੌਜੂਦ ਨਹੀਂ ਹੈ।

# ਸਿੰਘ ਸਾਹਿਬ ਜਥੇਦਾਰ ਗਿਆਨੀ ਰਘਬੀਰ ਸਿੰਘ ਜੀ ਸਿਹਤਯਾਬੀ ਦੀ ਅਰਦਾਸ ਬੇਨਤੀ ਕੀਤੀ : ਗਿਆਨੀ ਭੁਪਿੰਦਰ ਸਿੰਘ ਗਦਲੀ



**ਚੌਕ ਮਹਿਤਾ, 4 ਅਕਤੂਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਸੱਚਖੰਡ ਸ਼੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਅਤੇ ਸ਼੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਜੋ ਪਿਛਲੇ ਦਿਨੀ ਉਨ੍ਹਾਂ ਦੀ ਅਚਨਚੇਤ ਸੇਹਤ ਢਿੱਲੀ ਹੋ ਗਈ ਜੋ ਇਸ ਸਮੇਂ ਸ਼੍ਰੀ ਗੁਰੂ ਰਾਮਦਾਸ ਚੈਰੀਟੇਬਲ ਹਸਪਤਾਲ ਵਿਚ ਇਲਾਜ ਚੱਲ ਰਿਹਾ ਹੈ ਉਨ੍ਹਾਂ ਦੀ ਸੇਹਤਯਾਬੀ ਲਈ ਪੰਥ ਪ੍ਰਸਿੱਧ ਕਥਾ ਵਾਚਕ ਅਤੇ ਤੇਰੀ ਓਟ ਆਸ਼ੀਆਨਾ ਦੇ ਮੁਖੀ ਗਿਆਨੀ ਭੁਪਿੰਦਰ ਸਿੰਘ ਗਦਲੀ ( ਸ੍ਰੀ ਅੰਮ੍ਰਿਤਸਰ ਸਾਹਿਬ) ਵਾਲਿਆਂ ਨੇ ਗੁਰੂ ਰਾਮਦਾਸ ਪਾਤਸ਼ਾਹ ਦੇ ਚਰਨਾਂ ਵਿਚ ਅਰਦਾਸ ਕੀਤੀ।

# ਮਿਲਕ ਪਲਾਂਟ ਵੇਰਕਾ ਵਿਖੇ ਮੁਫਤ ਮੈਡੀਕਲ ਚੈਕਅੱਪ ਕੈਂਪ ਲਗਾਇਆ ਗਿਆ




**ਚੌਕ ਮਹਿਤਾ, 4 ਅਕਤੂਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)** - ਮਿਲਕ ਪਲਾਂਟ ਵੇਰਕਾ ਵੱਲੋਂ ਜਰਨਲ ਮੈਨੇਜਰ ਬਿਕਰਮਜੀਤ ਸਿੰਘ ਮਾਹਲ ਦੀ ਦੇਖ-ਰੇਖ ਵਿੱਚ ਜਨਤਾ ਹਸਪਤਾਲ ਏਅਰਪੋਰਟ ਰੋਡ ਦੇ ਸਹਿਯੋਗ ਨਾਲ ਮੁਫਤ ਮੈਡੀਕਲ ਚੈਕਅੱਪ ਕੈਂਪ ਲਗਾਇਆ ਗਿਆ ।ਜਿਸ ਵਿੱਚ ਪੰਜਾਬ ਦੇ ਪ੍ਰਸਿੱਧ ਦਿਲ ਦੇ ਰੋਗਾਂ ਦੇ ਮਾਹਿਰ ਹਾਰਟ ਸਰਜਨ ਅਤੇ ਜਨਤਾ ਹਸਪਤਾਲ ਏਅਰਪੋਰਟ ਰੋਡ ਦੇ ਮੈਨੇਜਿੰਗ ਡਾਇਰੈਕਟਰ ਡਾ.ਮੰਨਨ ਆਨੰਦ ਨੇ ਲਗਭਗ 120 ਮਰੀਜ਼ਾਂ ਦੀ ਜਾਂਚ ਕੀਤੀ ਤੇ ਉਨ੍ਹਾਂ ਨੂੰ ਮੁਫਤ ਦਵਾਈਆਂ ਦਿੱਤੀਆਂ ਗਈਆਂ ।ਇਸ ਮੌਕੇ ਲੋੜਵੰਦ ਮਰੀਜ਼ਾਂ ਦੀ ਸ਼ੂਗਰ ਮੁਫਤ ਟੈਸਟ ਕੀਤੀ ਗਈ ।ਇਸ ਮੌਕੇ ਜੀ.ਐਮ ਮਾਹਲ ਨੇ ਕਿਹਾ ਕਿ ਸਪੈਲਿਸਟ ਡਾਕਟਰਾਂ ਦੇ ਕੈਂਪ ਲਗਾਉਣ ਨਾਲ ਲੋੜਵੰਦਾਂ ਨੂੰ ਕਾਫੀ ਫਾਇਦਾ ਮਿਲਦਾ ਹੈ ਅਤੇ ਉਨ੍ਹਾਂ ਨੂੰ ਅਪਣੀ ਬਿਮਾਰੀ ਦਾ ਪਤਾ ਲੱਗ ਜਾਂਦਾ ਹੈ। ਇਸ ਮੌਕੇ ਡਾ.ਮੰਨਨ ਆਨੰਦ ਨੇ ਦੱਸਿਆ ਕਿ ਜਨਤਾ ਹਸਪਤਾਲ ਵੱਲੋਂ ਵੱਖ-ਵੱਖ ਜਗ੍ਹਾਂ ਤੇ ਮੁਫਤ ਮੈਡੀਕਲ ਕੈਂਪ ਲਗਾਉਣ ਦਾ ਸਿਲਸਿਲਾ ਸ਼ੁਰੂ ਕੀਤਾ ਗਿਆ ਹੈ ਤਾਂ ਕਿ ਇੰਨ੍ਹਾਂ ਕੈਪਾਂ ਦਾ ਫਾਇਦਾ ਲੋੜਵੰਦ ਮਰੀਜ਼ ਉਠਾ ਸਕਣ ਉਨ੍ਹਾਂ ਦੱਸਿਆ ਕਿ ਸ਼ੂਗਰ ਅਤੇ ਦਿਲ ਦੀਆਂ ਬਿਮਾਰੀਆਂ ਦੇ ਲਈ ਅਪਣੇ ਆਪ ਦਵਾਈ ਨਹੀਂ ਖਾਣੀ ਚਾਹੀਦੀ ਸਗੋਂ ਮਾਹਿਰ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ ।ਉਨ੍ਹਾਂ ਦੱਸਿਆ ਕਿ ਜਨਤਾ ਹਸਪਤਾਲ ਵਿੱਚ ਈ.ਐਸ.ਆਈ ਮਰੀਜ਼ਾਂ ਲਈ ਵਿਸ਼ੇਸ਼ ਇਲਾਜ਼ ਦੀ ਸੁਵਿਧਾ ਹੈ.ਇਸ ਮੌਕੇ ਮਿਲਕ ਪਲਾਂਟ ਵੇਰਕਾ ਦੇ ਪ੍ਰੋਡਕਸ਼ਨ ਮੈਨੇਜਰ ਪਰਿਤੋਸ਼ ਮਿਸ਼ਰਾ, ਸੰਦੀਪ ਸਿੰਘ ਮੈਨੇਜਰ ਮਾਰਕੀਟਿੰਗ,ਹਜ਼ੂਰ ਸਿੰਘ ਮੈਨੇਜਰ ਅਮਲਾ,ਗੁਰਪਾਲ ਸਿੰਘ ਮੈਨੇਜਰ ਐਮ.ਐਮ.ਐਮ.ਪੀ,ਦਰਸ਼ਪ੍ਰੀਤ ਕੌਰ ਮੈਨੇਜਰ ਅਕਾਊਂਟ, ਯੂਨੀਅਨ ਦੇ ਪ੍ਰਧਾਨ ਸੁੱਖਵਿੰਦਰ ਸਿੰਘ ਸੋਢੀ,ਮਿੰਟੂ ਕਲਸੀ,ਅਮਿਤ ਰਾਮਪਾਲ,ਡਾ.ਵਿਸ਼ਾਲ ਸਲਵਾਨ, ਨਵਪ੍ਰੀਤ ਕੌਰ,ਕੰਵਲਜੀਤ ਕੌਰ ਲਾਲੀ,ਅਮਨ ਸਿੰਘ, ਕੰਵਲਜੀਤ ਸਿੰਘ ਵਾਲੀਆ,ਬਲਦੇਵ ਸਿੰਘ,ਜਤਿੰਦਰ ਕੌਰ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਪਿੰਡ ਚੰਨਣਕੇ ਸੀ ਐਚ ਸੀ ਵਿੱਖੇ ਉਲਡਰ ਦਿਵਸ ਮਨਾਇਆ ਗਿਆ



**ਚੌਕ ਮਹਿਤਾ, 5 ਅਕਤੂਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਪੰਜਾਬ ਸਰਕਾਰ ਸਿਹਤ ਵਿਭਾਗ ਦੇ ਦਿਸਾ ਨਿਰਦੇਸਾ ਅਨੁਸਾਰ ਸਿਵਲ ਸਰਜਨ ਡਾ, ਕਿਰਨਦੀਪ ਕੌਰ ਅਮ੍ਰਿਤਸਰ, ਅਤੇ ਸੀਨੀਅਰ ਮੈਡੀਕਲ ਅਫ਼ਸਰ ਇੰਨਚਾਰਜ ਸੀ ਐਸ ਸੀ ਤਰਸਿੱਕਾ ਐਸ ਐਮ ਉ ਮੋਨਾ ਚਤੁਰਥ ਦੀ ਅਗਵਾਈ ਹੇਠ ਹੈਲਥ ਵੈਲਨੈਸ ਸੈਟਰ ਅਧੀਨ ਵਿੱਚ ਸੀ ਐਚ ਸੀ ਚੰਨਣਕੇ ਵਿਖੇ ਉਲਡਰ ਦਿਵਲ ਮਨਾਇਆ ਗਿਆ। ਜਿਸ ਵਿੱਚ ਐਨ ਸੀ ਡੀ ਕੈਪ ਲਗਾਇਆ ਗਿਆ। ਜਿਸ ਵਿੱਚ ਬਜ਼ੁਰਗਾਂ ਦਾ ਬੀ ਪੀ, ਸੂਗਰ, ਕੈਸਰ, ਟੀ ਬੀ ਸੰਬੰਧਿਤ ਚੈਕਪਕ ਕੀਤਾ ਗਿਆ। ਅਤੇ ਦਵਾਈਆਂ ਦਿੱਤੀਆਂ ਗਈਆਂ, ਅਤੇ ਆਯੂਸਮਾਨ ਕਾਰਡ ਤੇ ਆਭਾ ਆਈ ਡੀ ਵੀ ਬਣਾਏ ਗਏ, ਮਾਨਸਿਕ ਬਿਮਾਰੀਆਂ ਸੰਬੰਧਿਤ ਜਾਗਰੂਕ ਕੀਤਾ ਗਿਆ ਇਸ ਮੌਕੇ ਡਾ, ਭਾਵਨਾ ਸੀ ਐਚ ਉ, ਕੋਮਲਪ੍ਰੀਤ ਕੌਰ ਏ ਐਨ ਐਮ, ਨਿਰਮਲ ਸਿੰਘ ਹੈਲਥ ਵਰਕਰ, ਅਮਨਦੀਪ ਕੌਰ, ਜਸਨਪਰੀਤ ਕੌਰ ਆਸਾ ਵਰਕਰ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV




# ਤਿਉਹਾਰ ਮਨਾਓ, ਪਰ ਆਪਣੇ ਸਰੀਰ ਨੂੰ ਤੰਦਰੁਸਤ ਰੱਖਣ ਲਈ...

ਲੋਕ ਨਾ ਤਾਂ ਆਪਣੀਆਂ ਖਾਣ-ਪੀਣ ਦੀਆਂ ਆਦਤਾਂ 'ਤੇ ਕਾਬੂ ਰੱਖ ਪਾਉਂਦੇ ਹਨ ਅਤੇ ਨਾ ਹੀ ਇਸ ਗੱਲ ਦਾ ਧਿਆਨ ਰੱਖਦੇ ਹਨ ਕਿ ਕਿਹੜੀ ਚੀਜ਼ ਉਨ੍ਹਾਂ ਦੇ ਸਰੀਰ ਲਈ ਚੰਗੀ ਹੈ ਅਤੇ ਕਿਹੜੀ ਨਹੀਂ। ਇਸ ਸਮੇਂ ਦੌਰਾਨ, ਤਲੇ ਹੋਏ ਭੋਜਨ, ਮਠਿਆਈਆਂ ਅਤੇ ਸ਼ਰਾਬ ਦਾ ਜ਼ਿਆਦਾ ਸੇਵਨ ਕੀਤਾ ਜਾਂਦਾ ਹੈ।ਜਦੋਂ ਆਲੇ-ਦੁਆਲੇ ਖਾਣ ਲਈ ਕਈ ਤਰ੍ਹਾਂ ਦੀਆਂ ਸਵਾਦਿਸ਼ਟ ਚੀਜ਼ਾਂ ਹੋਣ ਤਾਂ ਸਿਹਤ ਅਤੇ ਪਾਚਨ ਕਿਰਿਆ ਦਾ ਧਿਆਨ ਰੱਖਣਾ ਥੋੜ੍ਹਾ ਔਖਾ ਹੋ ਜਾਂਦਾ ਹੈ। ਕੁਝ ਲੋਕ ਆਪਣੇ ਪੇਟ ਨੂੰ ਡਸਟਬਿਨ ਸਮਝਦੇ ਹਨ ਅਤੇ ਸਾਰਾ ਦਿਨ ਇਸ ਵਿੱਚ ਕੁਝ ਨਾ ਕੁਝ ਪਾਉਂਦੇ ਰਹਿੰਦੇ ਹਨ। ਅਜਿਹੇ ਵਿੱਚਐਸੀਡਿਟੀ, ਪੇਟ ਫੁੱਲਣਾ, ਸਿਰ ਦਰਦ ਅਤੇ ਕਈ ਵਾਰ ਦਿਲ ਦਾ ਦੌਰਾ ਵੀ ਪੈ ਸਕਦਾ ਹੈ। ਇਸ ਹਾਰਟ ਅਟੈਕ ਨੂੰ ਫੈਸਟਿਵ ਹਾਰਟ ਸਿੰਡਰੋਮ ਵੀ ਕਿਹਾ ਜਾਂਦਾ ਹੈ, ਜੋ ਜ਼ਿਆਦਾ ਖਾਣ ਅਤੇ ਗਰਮੀ ਕਾਰਨ ਹੁੰਦਾ ਹੈ। ਤਿਉਹਾਰਾਂ ਦੇ ਮੌਸਮ 'ਚ ਜ਼ਿਆਦਾ ਖਾਣ ਦੀ ਸਮੱਸਿਆ ਹੁੰਦੀ ਹੈ ਰਾਂਚੀ ਵਿੱਚ ਅੰਦਰੂਨੀ ਦਵਾਈ ਦੇ ਡਾਕਟਰ ਰਵਿਕਾਂਤ ਚਤੁਰਵੇਦੀ ਦਾ ਕਹਿਣਾ ਹੈ ਕਿ ਅਕਤੂਬਰ, ਨਵੰਬਰ ਅਤੇ ਦਸੰਬਰ ਦੇ ਮਹੀਨੇ ਤਿਉਹਾਰਾਂ ਦੇ ਮਹੀਨੇ ਹੁੰਦੇ ਹਨ। ਇਸ ਸਮੇਂ ਦੌਰਾਨ ਸਭ ਤੋਂ ਵੱਡੀ ਸਮੱਸਿਆ ਜ਼ਿਆਦਾ ਖਾਣ ਦੀ ਹੁੰਦੀ ਹੈ, ਜਿਸ ਨਾਲ ਪੇਟ ਫੁੱਲਣਾ, ਐਸੀਡਿਟੀ, ਫੂਡ ਪੋਇਜ਼ਿਨੰਗ ਅਤੇ ਇਸ ਨਾਲ ਜੁੜੀਆਂ ਸਮੱਸਿਆਵਾਂ ਹੁੰਦੀਆਂ ਹਨ। ਇਸ ਤੋਂ ਇਲਾਵਾ ਸ਼ਰਾਬ ਦਾ ਜ਼ਿਆਦਾ ਸੇਵਨ ਕਰਨਾਇਸ ਨਾਲ ਐਸੀਡਿਟੀ ਅਤੇ ਗੈਸਟਰਾਈਟਸ ਦੀ ਸਮੱਸਿਆ ਵੀ ਹੋ ਜਾਂਦੀ ਹੈ। ਬਹੁਤ ਜ਼ਿਆਦਾ ਸ਼ਰਾਬ ਪੀਣ ਨਾਲ ਖ਼ੂਨ ਵਿੱਚ ਸ਼ੂਗਰ, ਬਲੱਡ ਪ੍ਰੈਸ਼ਰ ਜਾਂ ਕੋਲੈਸਟ੍ਰੋਲ ਦਾ ਪੱਧਰ ਤੇਜ਼ੀ ਨਾਲ ਵਧਦਾ ਹੈ। ਇਹ ਵਿਸ਼ੇਸ਼ ਤੌਰ 'ਤੇ ਉਨ੍ਹਾਂ ਲੋਕਾਂ ਵਿੱਚ ਜ਼ਿਆਦਾ ਦੇਖਿਆ ਜਾਂਦਾ ਹੈ ਜੋ ਪਹਿਲਾਂ ਹੀ ਸ਼ੂਗਰ ਅਤੇ ਹਾਈਪਰਟੈਨਸ਼ਨ ਤੋਂ ਪੀੜਤ ਹਨ। ਤਿਉਹਾਰਾਂ ਦੌਰਾਨ ਆਟੇ ਅਤੇ ਚੀਨੀ ਦੀ ਜ਼ਿਆਦਾ ਵਰਤੋਂ ਤਿਉਹਾਰਾਂ ਦੌਰਾਨ ਆਟੇ ਅਤੇ ਚੀਨੀ ਦੀ ਬਹੁਤ ਜ਼ਿਆਦਾ ਵਰਤੋਂ ਕੀਤੀ ਜਾਂਦੀ ਹੈ, ਜੋ ਸਾਡੇ ਸਰੀਰ ਲਈ ਕਾਫੀ ਨੁਕਸਾਨਦੇਹ ਹੈ।ਮਠਿਆਈਆਂ 'ਤੇ ਚਾਂਦੀ ਦਾ ਕੰਮ ਹੁੰਦਾ ਹੈ, ਜੋ ਅਸਲ ਵਿਚ ਐਲੂਮੀਨੀਅਮ ਦਾ ਬਣਿਆ ਹੁੰਦਾ ਹੈ। ਇਹ ਸਿਹਤ ਲਈ ਚੰਗਾ ਨਹੀਂ ਹੈਹੈ। ਇਸ ਤੋਂ ਇਲਾਵਾ ਮਠਿਆਈਆਂ ਨੂੰ ਸੁੰਦਰ ਬਣਾਉਣ ਲਈ ਉਨ੍ਹਾਂ ਵਿਚ ਨਕਲੀ ਰੰਗ ਅਤੇ ਕੈਮੀਕਲ ਪ੍ਰੀਜ਼ਰਵੇਟਿਵ ਪਾਏ ਜਾਂਦੇ ਹਨ, ਜੋ ਕਿ ਕਿਡਨੀ ਅਤੇ ਲੀਵਰ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਅੱਜ ਕੱਲ੍ਹ ਦੋਸਤਾਂ ਜਾਂ ਰਿਸ਼ਤੇਦਾਰਾਂ ਨੂੰ ਮਿਠਾਈਆਂ ਦੀ ਬਜਾਏ ਸੁੱਕੇ ਮੇਵੇ ਜਾਂ ਮੇਵੇ ਦੇਣ ਦਾ ਰੁਝਾਨ ਹੈ, ਜੋ ਕਿ ਇੱਕ ਵਧੀਆ ਵਿਕਲਪ ਹੈ। ਜ਼ਿਹਰੀਲੇ ਤੇਲ 'ਚ ਬਣੀਆਂ ਖਾਣ ਵਾਲੀਆਂ ਚੀਜ਼ਾਂ, ਦਿਲ ਦਾ ਦੌਰਾ ਪੈਣ ਦਾ ਖਤਰਾ ਹੈ ਤਿਉਹਾਰਾਂ ਦੌਰਾਨ ਦੁਕਾਨਾਂ ਵਿੱਚ ਬਣੀਆਂ ਮਠਿਆਈਆਂ ਜਾਂ ਸਨੈਕਸ ਨੂੰ ਵਾਰ-ਵਾਰ ਸੜੇ ਹੋਏ ਤੇਲ ਵਿੱਚ ਤਲਿਆ ਜਾਂਦਾ ਹੈ। ਵਾਰ-ਵਾਰ ਸਾੜਨ ਨਾਲ ਤੇਲ ਜ਼ਿਹਰੀਲੇ ਰਸਾਇਣਾਂ ਵਿੱਚ ਬਦਲ ਜਾਂਦਾ ਹੈ। ਖਾਣਾ ਪਕਾਉਣ ਵਾਲੇ ਤੇਲ ਦੀ ਵਰਤੋਂ ਤਿੰਨ ਤੋਂ ਵੱਧ ਵਾਰ ਕਰੋਜਦੋਂ ਇਹ ਗ੍ਰਹਿਣ ਕੀਤਾ ਜਾਂਦਾ ਹੈ ਤਾਂ ਇਹ ਕਾਰਸੀਨੋਜਨਿਕ ਬਣ ਜਾਂਦਾ ਹੈ। ਇੱਕ ਕਾਰਸਿਨੋਜਨ ਇੱਕ ਏਜੰਟ ਹੈ ਜੋ ਕੈਂਸਰ ਦਾ ਕਾਰਨ ਬਣਦਾ ਹੈ। ਕੈਂਸਰ ਤੋਂ ਇਲਾਵਾ ਦਿਲ ਦੀਆਂ ਨਾੜੀਆਂ 'ਚ ਬਲਾਕੇਜ, ਗੁਰਦੇ ਅਤੇ ਜਿਗਰ ਦੀਆਂ ਬੀਮਾਰੀਆਂ ਹੋ ਸਕਦੀਆਂ ਹਨ। ਸੜਿਆ ਹੋਇਆ ਤੇਲ ਸਰੀਰ ਵਿੱਚ ਘੱਟ ਘਣਤਾ ਵਾਲੀ ਲਿਪੋਪ੍ਰੋਟੀਨ ਯਾਨੀ ਖਰਾਬ ਕੋਲੈਸਟ੍ਰੋਲ ਨੂੰ ਵਧਾਉਂਦਾ ਹੈ। ਇਹ ਦਿਲ ਦੇ ਦੌਰੇ ਅਤੇ ਦਿਲ ਦੇ ਦੌਰੇ ਨੂੰ ਵਧਾਉਂਦਾ ਹੈ।



ਸੜਿਆ ਹੋਇਆ ਤੇਲ ਖਾਣ ਨਾਲ ਗਲੇ ਦੀ ਜਲਣ ਅਤੇ ਐਸੀਡਿਟੀ ਹੋ ? ?ਸਕਦੀ ਹੈ। ਮੋਟਾਪਾ ਅਤੇ ਸ਼ੂਗਰ ਹੋਣ ਦਾ ਖਤਰਾ ਹੈ। ਬਹੁਤ ਜ਼ਿਆਦਾ ਮਿਠਾਈਆਂ ਖਾਣ ਵਾਲੀਆਂ ਔਰਤਾਂ ਡਿਪ੍ਰੈਸ਼ਨ ਦਾ ਸ਼ਿਕਾਰ ਹੁੰਦੀਆਂ ਹਨ ਨੈਸ਼ਨਲ ਇੰਸਟੀਚਿਊਟ ਆਫ਼ ਹੈਲਥਇਕ ਅਧਿਐਨ 'ਚ 69 ਹਜ਼ਾਰ ਔਰਤਾਂ 'ਤੇ ਸ਼ੂਗਰ ਦਾ ਪ੍ਰਭਾਵ ਦੇਖਿਆ ਗਿਆ। ਖੋਜਕਰਤਾਵਾਂ ਨੇ ਪਾਇਆ ਕਿ ਜਿਹੜੀਆਂ ਔਰਤਾਂ ਜ਼ਿਆਦਾ ਖੰਡ ਦਾ ਸੇਵਨ ਕਰਦੀਆਂ ਹਨ ਉਨ੍ਹਾਂ ਵਿੱਚ ਡਿਪਰੈਸ਼ਨ ਦਾ ਖ਼ਤਰਾ ਜ਼ਿਆਦਾ ਹੁੰਦਾ ਹੈ। ਜਦੋਂ ਕਿ ਘੱਟ ਸ਼ੂਗਰ ਲੈਣ ਵਾਲੀਆਂ ਔਰਤਾਂ ਡਿਪ੍ਰੈਸ਼ਨ ਦਾ ਸ਼ਿਕਾਰ ਨਹੀਂ ਹੋਈਆਂ। ਤਿਉਹਾਰ ਦੌਰਾਨ ਇਹ ਤਰੀਕੇ ਤੁਹਾਡੀ ਸਿਹਤ ਨੂੰ ਬਣਾਏ ਰੱਖਣਗੇ ਜ਼ਿਆਦਾ ਖਾਣਾ: ਇਸ ਨੂੰ ਕਿਵੇਂ ਕੰਟਰੋਲ ਕਰਨਾ ਹੈ ਦਿਨ ਭਰ ਹਰ ਸਮੇਂ ਅਤੇ ਫਿਰ ਬਹੁਤ ਸਾਰਾ ਪਾਣੀ ਪੀਓ। ਸਰੀਰ ਵਿੱਚ ਨਮੀ ਬਣਾਈ ਰੱਖੋ। ਜੇਕਰ ਤੁਸੀਂ ਕਿਤੇ ਖਾਣ ਲਈ ਜਾਂਦੇ ਹੋ ਤਾਂ ਪਹਿਲਾਂ ਇੱਕ ਥਾਂ ਬੈਠ ਕੇ ਹੀ ਖਾਓ। ਖਾਣ ਦਾ ਸਮਾਂ ਤੈਅ ਕਰੋ। ਹਰ ਵਾਰ ਇੱਕ ਵਾਰ ਮੂੰਹ ਵਿੱਚ ਕੁਝ ਪਾਉਣਾਨਾ ਰਹੋ. ਤਿਉਹਾਰਾਂ ਦੌਰਾਨ ਤੋਹਫ਼ੇ ਵਜੋਂ ਮਿਲੇ ਖਾਣੇ ਦੇ ਪੈਕੇਟ ਨਾ ਖੋਲ੍ਹੋ ਅਤੇ ਇਕੱਠੇ ਬੈਠੋ। ਥੋੜਾ ਜਿਹਾ ਹੀ ਖਾਓ। ਆਪਣੀ ਪਲੇਟ ਵਿੱਚ ਸਿਰਫ਼ ਤਿੰਨ ਭੋਜਨ ਹੀ ਲਓ। ਅੰਤ ਵਿੱਚ, ਕੁਝ ਤਾਜ਼ੀ ਤਿਆਰ ਮਿੱਠੀ ਜਾਂ ਮਿਠਆਈ ਲਓ। ਅਲਕੋਹਲ: ਦੂਰ ਰਹੋ ਜਾਂ ਫਲਾਂ ਦਾ ਜੂਸ ਪੀਓ ਕਿਸੇ ਵੀ ਕਿਸਮ ਦੀ ਸ਼ਰਾਬ ਨੁਕਸਾਨ ਪਹੁੰਚਾ ਸਕਦੀ ਹੈ। ਇਸ ਤੋਂ ਦੂਰ ਰਹਿਣਾ ਹੀ ਬਿਹਤਰ ਹੈ। ਜੇਕਰ ਤੁਸੀਂ ਡ੍ਰਿੰਕ ਪੀਣਾ ਚਾਹੁੰਦੇ ਹੋ ਤਾਂ ਖਾਣਾ ਖਾਣ ਤੋਂ ਬਾਅਦ ਹੀ ਪੀਓ। ਦੋ ਪੀਣ ਦੇ ਵਿਚਕਾਰ ਇੱਕ ਗਲਾਸ ਪਾਣੀ ਪੀਣਾ ਯਕੀਨੀ ਬਣਾਓ। ਸ਼ਰਾਬ ਦੀ ਬਜਾਏ ਫਲਾਂ ਦਾ ਜੂਸ ਜਾਂ ਨਾਰੀਅਲ ਪਾਣੀ ਪੀਓ। ਜੇਕਰ ਤੁਹਾਡੀ ਸਿਹਤ ਅਸਥਿਰ ਹੈ ਤਾਂ ਅਗਲੇ ਦਿਨ ਅਜਿਹਾ ਕਰੋਕੰਮ ਆਮ ਰੁਟੀਨ ਅਪਣਾਓ। ਨਾ ਤਾਂ ਜਲਦੀ ਖਾਓ, ਨਾ ਘੱਟ ਅਤੇ ਨਾ ਹੀ ਜ਼ਿਆਦਾ ਕਸਰਤ ਕਰੋ। ਦਿਨ ਦੀ ਸ਼ੁਰੂਆਤ ਇੱਕ ਗਲਾਸ ਪਾਣੀ ਨਾਲ ਕਰੋ। ਸਿਰ ਦਰਦ ਹੋਵੇ ਤਾਂ ਕੇਲਾ ਖਾਓ। ਜੇਕਰ ਤੁਹਾਨੂੰ ਐਸੀਡਿਟੀ ਜਾਂ ਪੇਟ ਫੁੱਲਣ ਦੀ ਸਮੱਸਿਆ ਹੈ ਤਾਂ ਤੁਸੀਂ ਗੁਲਕੰਦ ਵੀ ਖਾ ਸਕਦੇ ਹੋ। ਬਾਜ਼ਾਰੀ ਮਠਿਆਈਆਂ ਤੋਂ ਦੂਰ ਰਹੋ, ਫਾਈਬਰ ਨੂੰ ਆਪਣੀ ਖੁਰਾਕ 'ਚ ਲਓ ਡਾਕਟਰਾਂ ਅਨੁਸਾਰ ਤਿਉਹਾਰਾਂ ਦੇ ਸੀਜ਼ਨ ਦੌਰਾਨ ਸਾਨੂੰ ਸਿਰਫ਼ ਪੂਰੀ-ਕਚੌਰੀ, ਪਕੌੜੇ, ਸਨੈਕਸ, ਸਮੋਸੇ ਆਦਿ ਹੀ ਖਾਣ ਨੂੰ ਮਿਲਦੇ ਹਨ। ਇਨ੍ਹਾਂ ਨੂੰ ਖਾਣ ਤੋਂ ਬਾਅਦ ਦੂਰ ਰਹੋ। ਆਪਣੇ ਭੋਜਨ ਵਿੱਚ ਦਹੀਂ ਦੀ ਵਰਤੋਂ ਜ਼ਰੂਰ ਕਰੋ।ਤੁਸੀਂ ਜਿੱਥੇ ਵੀ ਜਾਓ, ਆਪਣੇ ਭੋਜਨ ਵਿੱਚ ਕਾਰਬੋਹਾਈਡਰੇਟ ਦੀ ਮਾਤਰਾ ਨੂੰ ਘੱਟ ਤੋਂ ਘੱਟ ਕਰੋ।ਲੈ। ਇਸ ਤੋਂ ਇਲਾਵਾ ਹੇਠ ਲਿਖੀਆਂ ਗੱਲਾਂ ਦਾ ਖਾਸ ਧਿਆਨ ਰੱਖੋ- 1. ਫਾਈਬਰ ਅਤੇ ਪ੍ਰੋਟੀਨ ਨਾਲ ਭਰਪੂਰ ਚੀਜ਼ਾਂ ਜ਼ਿਆਦਾ ਖਾਓ। ਸਲਾਦ ਦਾ ਭਰਪੂਰ ਸੇਵਨ ਕਰੋ। 2. ਜ਼ਿਆਦਾਤਰ ਮਿਠਾਈਆਂ ਦੁੱਧ, ਕਰੀਮ ਅਤੇ ਚੀਨੀ ਤੋਂ ਬਣਾਈਆਂ ਜਾਂਦੀਆਂ ਹਨ। ਇਸ ਦੀ ਬਜਾਏ ਤੁਸੀਂ ਗੁੜ ਤੋਂ ਬਣੀ ਮਿਠਾਈ ਖਾ ਸਕਦੇ ਹੋ। 3. ਬਾਜ਼ਾਰੀ ਮਠਿਆਈਆਂ ਤੋਂ ਪਰਹੇਜ਼ ਕਰੋ। 4. ਤਿਉਹਾਰਾਂ ਦੌਰਾਨ ਵੀ ਨਿਯਮਤ ਕਸਰਤ ਨਾ ਛੱਡੋ। 5. ਦਿਨ ਭਰ ਖੂਬ ਪਾਣੀ ਪੀਂਦੇ ਰਹੋ। ਘੱਟ ਤੋਂ ਘੱਟ 8 ਗਲਾਸ ਪਾਣੀ ਪੀਓ। 6. ਤਾਜ਼ਾ ਘਰੇਲੂ ਜੂਸ, ਨਿੰਬੂ ਪਾਣੀ, ਨਮਕੀਨ ਲੱਸੀ, ਛੱਖਣ, ਖੀਰੇ ਜਾਂ ਫਲਾਂ ਦਾ ਜੂਸ ਜਾਂ ਨਾਰੀਅਲ ਪਾਣੀ ਪੀਓ। 7. 8 ਘੰਟੇ ਦੀ ਲੋੜੀਂਦੀ ਨੀਂਦਲੈਣਾ ਚਾਹੀਦਾ ਹੈ। ਇਸ ਨਾਲ ਤਿਉਹਾਰਾਂ ਦੌਰਾਨ ਗੁਆਚੀ ਸਿਹਤ ਨੂੰ ਮੁੜ ਪ੍ਰਾਪਤ ਕੀਤਾ ਜਾ ਸਕਦਾ ਹੈ। ਤਿਉਹਾਰਾਂ ਦੇ ਮੌਸਮ ਵਿੱਚ, ਸਰੀਰ ਦੀ ਸਥਿਤੀ ਨੂੰ ਸੁਧਾਰਨ ਅਤੇ ਇਸ ਨੂੰ ਡੀਟੌਕਸਫਾਈ ਕਰਨ ਲਈ ਘਰ ਵਿੱਚ ਕੁਝ ਉਪਾਅ ਅਪਣਾਏ ਜਾ ਸਕਦੇ ਹਨ। ਆਪਣੇ ਸਰੀਰ ਨੂੰ ਇਸ ਤਰ੍ਹਾਂ ਡੀਟੌਕਸ ਕਰੋ 1- ਸਵੇਰੇ ਉੱਠਦੇ ਹੀ ਕੋਸੇ ਪਾਣੀ 'ਚ ਨਿੰਬੂ ਪੀਓ ਜਾਂ ਰਾਤ ਨੂੰ ਪੁਦੀਨੇ ਨੂੰ ਪਾਣੀ 'ਚ ਭਿਓ ਦਿਓ। ਇਸ ਪਾਣੀ ਨੂੰ ਦਿਨ ਭਰ ਪੀਓ। 2-ਦਿਨ ਭਰ ਤਾਜ਼ਾ ਘਰੇਲੂ ਜੂਸ, ਨਿੰਬੂ ਪਾਣੀ, ਨਮਕੀਨ ਲੱਸੀ, ਛਾਣ, ਖੀਰਾ ਜਾਂ ਫਲਾਂ ਦਾ ਰਸ ਲਓ। 3-ਕੋਈ ਵੀ ਠੋਸ ਭੋਜਨ ਨਾ ਖਾਓ। ਸਿਰਫ ਤਰਲ ਦੀ ਵਰਤੋਂ ਕਰੋ. ਤੁਸੀਂ ਖਿਚੜੀ ਜਾਂ ਦਲੀਆ ਲੈ ਸਕਦੇ ਹੋ, ਪਰਨਾ ਦਾਲ ਖਾਣੀ ਹੈ ਨਾ ਦਾਲ। 4-ਸਬਜ਼ੀਆਂ ਅਤੇ ਫਲਾਂ ਦਾ ਸਲਾਦ ਖਾਓ। ਜੇਕਰ ਤੁਹਾਨੂੰ ਕੱਚੀਆਂ ਸਬਜ਼ੀਆਂ ਜਾਂ ਫਲ ਪਸੰਦ ਨਹੀਂ ਹਨ ਤਾਂ ਜੂਸ, ਸੂਪ ਜਾਂ ਸਮੂਦੀ ਬਣਾ ਕੇ ਪੀਓ। 5-ਦੁੱਧ, ਪਨੀਰ ਵਰਗੇ ਡੇਅਰੀ ਉਤਪਾਦ ਨਾ ਲਓ। ਅਦਰਕ ਅਤੇ ਹਲਦੀ ਦਾ ਪਾਣੀ ਲਓ। ਨਿਯਮਤ ਅੰਤਰਾਲ 'ਤੇ ਫਲ ਖਾਓ. 6-ਡਿਟਾਕਸ ਵਾਟਰ ਪੀਓ। ਇਸ ਨੂੰ ਬਣਾਉਣ ਲਈ ਪੁਦੀਨਾ, ਖੀਰਾ ਅਤੇ ਨਿੰਬੂ ਨੂੰ ਰਾਤ ਭਰ ਪਾਣੀ 'ਚ ਭਿਓਂ ਕੇ ਰੱਖੋ। ਅਗਲੇ ਦਿਨ ਇਸ ਪਾਣੀ ਨੂੰ ਥੋੜ੍ਹਾ-ਥੋੜ੍ਹਾ ਪੀਓ। ••

ਆਵਾਜ਼ਿ ਕੌਮ AWAZE QAUM International Newspaper & WEB TV